
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR



ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ
[ਸਚਖੰਡ ਪਿਆਨੇ 16-4-61]

★

ਆਪ ਦੀ ਵੀਹਵੀਂ ਬਰਸੀ
ਵੈਸਾਖੀ ਸਮਾਗਮ ਸਮੇਂ
ਮਨਾਈ ਜਾ ਰਹੀ ਹੈ।

★

ਅਪ੍ਰੈਲ ੧੯੮੧

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।


ਆਤਮ ਤਰੰਗੀ ਮਰਜੀਵੜਿਆਂ ਦੀ ਸ਼ਹੀਦੀ — ਭਾ: ਸਾ: ਭਾਈ ਰਣਧੀਰ ਸਿੰਘ ਜੀ — ੩
ਸਾਧ ਸੰਗਤ-ਸਚਖੰਡ ਦਾ ਨਿਰਣਾ — ,, ,, ,, — ੪
ਇਕੋ ਅੰਮ੍ਰਿਤ-ਦਾਤ ਨੇ ਪਲਟੀ ਹਿੰਦ ਤਕਦੀਰ (ਕਵਿਤਾ) — ਮਾਸਟਰ ਮਾਘ ਸਿੰਘ ਜੀ — ੯
ਸ੍ਰੀ ਗੁਰੂ ਗ੍ਰੰਥ-ਪੰਥ-ਖਾਲਸਾ — ਭਾਈ ਸਾਹਿਬ ਰਾਮ ਸਿੰਘ ਜੀ — ੧੦
ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਟ — ਭਾਈ ਕੁੰਭੇਰ ਸਿੰਘ ਜੀ — ੧੭
ਪੰਥ ਨੂੰ ਹਲੂਣਾ (ਕਵਿਤਾ) — ਸ: ਵਿਧਾਤਾ ਸਿੰਘ ਜੀ ਤੀਰ — ੨੧
ਸ੍ਰੀ ਅਕਾਲ ਤਖਤ ਸਾਹਿਬ ਦਾ ਇਤਿਹਾਸਕ ਮਹੱਤਵ — ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ — ੨੨
ਖੁਦਗਰਜ਼ ਸਿਆਸਤਦਾਨਾਂ ਦੀ ਖਾਲਸਤਾਨ ਦੀ ਮੰਗ — ਜਥੇਦਾਰ ਅਖੰਡ ਕੀਰਤਨੀ ਜਥਾ — ੨੮
ਸਿਖ ਦਾ ਗੁਰੂ ਨਾਲ ਇਕਰਾਰ (ਕਵਿਤਾ) — ਮਾਸਟਰ ਮਾਘ ਸਿੰਘ ਜੀ — ੨੯
ਵਿਸਾਖੀ (ਕਵਿਤਾ) — ਗਿ: ਸਰੂਪ ਸਿੰਘ ਜੀ ਦਰਵੇਸ਼ — ੩੦
ਵੈਸਾਖੁ ਸੁਹਾਵਾ ਤਾ ਲਗੈ — ਬੀਬੀ ਦਲਜੀਤ ਕੌਰ ਜੀ — ੩੧
ਪਾਖੰਡਿ ਭਗਤਿ ਨ ਹੋਵਈ — ਸ: ਮਦਨ ਸਿੰਘ ਜੀ ਯੂ. ਕੇ. — ੩੪
ਭਾਈ ਸਾਹਿਬ ਮੋਹਨ ਸਿੰਘ ਜੀ ਵੈਦ — ਪਰਸਿਧ ਵਿਅਕਤੀਆਂ — ੩੬
ਸਰਬ ਰੋਗ ਕਾ ਅਉਖਦੁ ਨਾਮੁ — ਸੂਰਾ ਪਰਵਾਰ — ੩੭
ਸਲੋਕ ਸਹਸਕ੍ਰਿਤੀ (ਅਰਥ ਵਿਚਾਰ) — ਭਾਈ ਜੋਗਿੰਦਰ ਸਿੰਘ ਜੀ ਤਲਵਾੜਾ — ੩੯


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ | ੩ ਅਪਰੈਲ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੫ ਅਪਰੈਲ |
| ਸ੍ਰੀ ਗੁਰੂ ਅੰਗਦ ਸਾਹਿਬ ਜੋਤੀ ਜੋਤਿ | ੮ ,, | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ | ੯ ,, |
| ਸੀ ਗੁਰੂ ਤੇਗ ਬਹਾਦਰ ਸਾਹਿਬ ਗੁਰਿਆਈ | ੧੭ ,, | ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੋਤੀ ਜੋਤਿ | ੧੭ ,, |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਵਤਾਰ | ੨੪ ,, | ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੨੬ ,, |

ਖਾਲਸਾ ਜੀ ਦਾ ਜਨਮ ਦਿਨ ਵੈਸਾਖੀ ੧੩ ਅਪਰੈਲ

**ਭੁਲ ਦੀ ਸੋਧ**-ਅਪਰੈਲ 1981 'ਸੂਰਾ' ਟਾਈਟਲ ਅੰਦਰ ਗਲਤੀ ਨਾਲ ਛਪ ਗਿਆ ਹੈ "ਮਾ: ਨਿਰੰਜਨ ਸਿੰਘ ਜੀ ਦੇ ਪਿਤਾ ਜੀ ਨਮਿਤ ਸ੍ਰੀ ਅਖੰਡ ਪਾਠ ਤੇ ਕੀਰਤਨ" । ਸ: ਦਲੀਪ ਸਿੰਘ, ਰਤਨ ਸਿੰਘ, ਹਰਭਜਨ ਸਿੰਘ ਦੇ ਪਿਤਾ ਜੀ ਨਮਿਤ ਇਹ ਭੋਗ ਪਿਆ ਹੈ। ਦਾਸ ਇਸ ਭੁਲ ਲਈ ਖਿਮਾ ਦਾ ਜਾਚਕ ਹੈ।

-ਮੈਨੇਜਰ

## ਸ਼ਹੀਦ ਨਮਿਤ ਪਿੰਡ ਭਠੀਆਂ (ਗੁਰਦਾਸਪੁਰ) ਵਿਖੇ ਅਖੰਡਪਾਠ ਤੇ ਕੀਰਤਨ

ਸ: ਜਗਤ ਸਿੰਘ ਜੀ ਪਿਤਾ ਭਾਈ ਹਰਭਜਨ ਸਿੰਘ ਜੀ ਸ਼ਹੀਦ ਭਠੀਆਂ ਕਾਹਨੂੰਵਾਨ ਲਾਗੇ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਵਿਖੇ 4 ਅਪਰੈਲ ਸ਼ਨੀਵਾਰ ਨੂੰ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਹੋ ਰਹੇ ਹਨ । ਸੰਗਤਾਂ ਦਰਸ਼ਨ ਦੇ ਕੇ ਨਿਹਾਲ ਕਰਨ। ਪਿੰਡ ਭਠੀਆਂ ਨਹਿਰ ਦੇ ਕੰਢੇ ਸਠਿਆਲੀ ਤੋਂ ਤੀਸਰੇ ਪੁਲ ਤੇ ਹੈ।

ਦਾਸਰੇ-ਅਖੰਡ ਕੀਰਤਨੀ ਜਥਾ, ਗੁਰਦਾਸਪੁਰ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੪. ੮੧ ਨੂੰ ਪ੍ਰਕਾਸ਼ਤ ਕੀਤਾ।
ਟੇਲੀਫੋਨ ਨੰਬਰ : 51847

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

| | |
|---|---|
| ਸਲਾਨਾ ਚੰਦਾ | ੧੦-੦੦ |
| ਇਕ ਪਰਚਾ | ੧ ੦੦ |
| **ਪਰਦੇਸ** | |
| ਸਮੁੰਦਰੀ ਡਾਕ | ੧੮-੫੦ |
| **ਹਵਾਈ ਡਾਕ** | |
| ਅਰਬ, ਮਲਾਇਆ | ੩੫-੦੦ |
| ਯੂ. ਕੇ, ਅਫਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫·੦੦ |



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੫ | ਅਪ੍ਰੈਲ ੧੯੮੧ | ਅੰਕ ੪


# ਆਤਮ-ਤਰੰਗੀ ਮਰਜੀਵੜਿਆਂ ਦੀ ਸ਼ਹੀਦੀ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ (ਗੁਰੂ-ਘਰ) ਦੀ ਬੇਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ। ਅਤੇ ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨਿਕ ਪ੍ਰਕਾਰੀ ਘਾਲਣਾਂ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂਦੀਆਂ ਹਨ, ਕਿਉਂਕਿ ਉਹ ਗੁਰਮਤਿ ਭੈ ਦੀ ਕਮਾਈ ਦੁਆਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ ਅਤੇ ਇਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ ਜਾਨ ਉਪਰ ਦੀ ਖੇਡ ਜਾਣਾ, ਇਸ ਆਤਮ-ਅਨੰਦੀ ਅਵਸਥਾ ਵਿਚ ਅਰੂੜ ਹੋ ਕੇ ਜੋ ਕੁਝ ਭੀ ਉਹ ਆਪਣੇ ਗੁਰ-ਅਸਥਾਨਾਂ (ਗੁਰੂ-ਘਰ) ਦੀ ਰਛਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ। ਕੋਈ ਹੈਂਕੜ-ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ। ਪਰੰਤੂ ਅਭੈ ਪਦ ਅੰਦਰ ਅਰੂੜ ਹੋਣ ਕਰਕੇ ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਵਿਡਾਣੀ ਈਨ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨਾਂ (ਗੁਰੂ-ਘਰ) ਨਮਿਤ ਮਰ ਮਿਟਣ ਵਾਲੀ ਨਿਰਭੈ ਬਿਵਸਥਾ ਤੋਂ ਟਲਦੇ ਹਨ। ਗੁਰੂ ਦੁਆਰੇ ਸਾਹਿਬਾਨ ਅਤੇ ਗੁਰੂ ਘਰ ਦੇ ਸ਼ਹੀਦ ਅਸਥਾਨਾਂ ਦੀ ਸ਼ਾਨ, ਇੱਜ਼ਤ ਆਬਰੂ ਕਾਇਮ ਦਾਇਮ ਰਖਣ ਲਈ ਤਨ ਮਨ ਧਨ ਦਾ ਹੋਮ ਦੇਣਾ ਉਨ੍ਹਾਂ ਦੀ ਇਕ ਸਹਿਜ-ਸੁਭਾਵੀ ਆਤਮ-ਖੇਡ ਹੈ।

—"ਗੁਰਮਤਿ ਬਿਬੇਕ" ਪੁਸਤਕ ਵਿਚੋਂ


www.AKJ.Org

# ਸਾਧ ਸੰਗਤ—ਸਚਖੰਡ ਦਾ ਨਿਰਣਾ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰੂ ਨਾਨਕ ਨਿਰੰਕਾਰੀ ਨੇ ਦਸ ਗੁਰ-ਜਾਮੇ ''ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ''* ਦੇ ਭਾਵ ਅਨੁਸਾਰ ਧਾਰ ਕੇ ਨਿਰੰਕਾਰੀ ਸਚਖੰਡ ਦਾ ਕੀਰਤਨ ਕੁਲਾਹਲੀ ਪਰਵਾਹ, ਧੁਰੋਂ ਸਚਖੰਡੋਂ ਉਤਰੀ ਬਾਣੀ ਦਾ ਅਖੰਡ ਕੀਰਤਨੀ ਪਰਵਾਹ, ਪਾਰਲੋਕੋਂ (ਸਚਖੰਡੋਂ) ਲਿਆ ਕੇ ਇਸ ਲੋਕ ਵਿਖੇ, ਇਸ ਧਰਤੀ ਉਤੇ ਗੁਰੂ ਸਾਧ-ਸੰਗ-ਸਮਾਗਮੀ ਮੰਡਲ ਰਚ ਕੇ ਹੂਬਹੂ ਸਚ-ਖੰਡੀ ਕੀਰਤਨ ਕਰਨ ਵਿਖੇ ਹੀ ਚਲਾਇਆ, ਜਿਸ ਕਰਕੇ ਗੁਰੂ ਘਰ ਦੇ ਅਖੰਡ ਕੀਰਤਨੀ ਸਤਿਸੰਗ-ਮੰਡਲ ਸਚਖੰਡ ਦਾ ਨਮੂਨਾ ਹੀ ਬਣ ਗਏ। ਸਿਰੀ ਅੰਮ੍ਰਿਤ-ਸਰੋਵਰ ਮਧਿਆਨੀ ਹਰੀਮੰਦਰ ਦਰਬਾਰ ਸਾਹਿਬ ਤਾਂ ਵਿਸ਼ੇਸ਼ ਕਰਕੇ ''ਸਾਧ ਸੰਗਤਿ ਸਚਖੰਡ ਵਸਾਇਆ''† ਦਾ ਹੂਬਹੂ ਨਮੂਨਾ ਇਸ ਧਰਤੀ ਉਪਰ ਕਾਇਮ ਦਾਇਮ ਹੋ ਗਿਆ। ਗੁਰੂ ਨਾਨਕ ਨਿਰੰਕਾਰੀ ਦੇ ਆਗਮਨ ਤੋਂ ਪਹਿਲਾਂ ਇਹ ਸਚਖੰਡ-ਕੀਰਤਨ-ਦਰਬਾਰੀ-ਮੰਡਲ ਦੇ ਨਮੂਨੇ ਇਸ ਧਰਤੀ ਇਸ ਲੋਕ ਵਿਖੇ ਕਿਤੇ ਭੀ ਨਹੀਂ ਸਨ, ਕਿਉਂ ਜੁ ਧੁਰੋਂ ਸਚਖੰਡੋਂ ਅਵਤਰੀ ਅੰਮ੍ਰਿਤ ਬਾਣੀ ਅਜੇ ਅਵਤਰੀ ਹੀ ਨਹੀਂ ਸੀ। ਅਵਤਰੀ ਤਾਂ ਧੁਰੋਂ ਪਠਾਏ ਗੁਰ ਨਾਨਕ ਜੋਤਿ-ਜਾਮੀਏ ਗੁਰੂ ਸਾਹਿਬਾਨ ਦੁਆਰਾ ਅਵਤਰੀ। ਤਾਂ ਤੇ ਗੁਰੂ ਨਾਨਕ ਸਾਹਿਬ ਜੀ ਨੇ ਅਰਸ਼ਾਂ ਕੁਰਸ਼ਾਂ ਤੋਂ ਆ ਕੇ ਇਸ ਫ਼ਰਸ਼ੀ ਦੁਨੀਆ ਤੇ ਸਾਧ-ਸੰਗ ਸਚਖੰਡ ਆਣ ਵਸਾਇਆ, ਜੈਸਾ ਕਿ ਭਾਈ ਗੁਰਦਾਸ ਜੀ ਦਾ ਮਹਾਂ ਵਾਕ ਹੈ :—

ਪੂਰਾ ਸਤਿਗੁਰ ਜਾਣੀਐ ਪੂਰੈ ਪੂਰਾ ਥਾਟ ਬਣਾਇਆ ॥
ਪੂਰੇ ਪੂਰਾ ਸਾਧਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ ॥
ਪੂਰੇ ਪੂਰਾ ਪਿਰਮ ਰਸੁ ਪੂਰਾ ਗੁਰਮੁਖਿ ਪੰਥੁ ਚਲਾਇਆ ॥
ਪੂਰੇ ਪੂਰਾ ਦਰਸਣੋ ਪੂਰੇ ਪੂਰਾ ਸਬਦ ਸੁਣਾਇਆ ॥
ਪੂਰੇ ਪੂਰਾ ਬਹਿਣ ਕਰਿ ਪੂਰੇ ਪੂਰਾ ਤਖਤ ਰਚਾਇਆ ॥
ਸਾਧ ਸੰਗਤਿ ਸਚਖੰਡੁ ਹੈ ਭਗਤਿ ਵਛਲੁ ਹੋਇ ਵਸਗਤਿ ਆਇਆ॥
ਸਚ ਰੂਪ ਸਚ ਨਾਉ ਗੁਰ ਗਿਆਨੁ ਧਿਆਨੁ ਸਿਖਾ ਸਮਝਾਇਆ ॥
ਗੁਰ ਚੇਲੇ ਪਰਚਾ ਪਰਚਾਇਆ ॥ ੧ ॥ [ਵਾਰ ੬

ਤਥਾ :— ਪਾਰਿਬ੍ਰਹਮ ਪੂਰਨ ਬ੍ਰਹਮੁ ਨਿਰੰਕਾਰ ਆਕਾਰ ਬਣਾਇਆ ॥
ਅਬਗਤਿ ਗਤਿ ਅਗਾਧਿ ਬੋਧ ਗੁਰ ਮੂਰਤਿ ਹੋਇ ਅਲਖੁ ਲਖਾਇਆ ॥
ਸਾਧ ਸੰਗਤਿ ਸਚਖੰਡ ਵਿਚਿ ਭਗਤਿ ਵਛਲ ਹੋਇ ਅਛਲ ਛਲਾਇਆ ॥
ਚਾਰਿ ਵਰਨਿ ਇਕ ਵਰਨ ਹੋਇ ਆਦਿ ਪੁਰਖੁ ਆਦੇਸੁ ਕਰਾਇਆ ॥
ਧਿਆਨ ਮੂਲੁ ਦਰਸਨੁ ਗੁਰੂ ਛਿਅ ਦਰਸਨ ਦਰਸਨ ਵਿਚ ਆਇਆ ॥
ਆਪੇ ਆਪਿ ਨ ਆਪੁ ਜਣਾਇਆ ॥ ੧੮ ॥ [ਵਾਰ ੧੬

**ਵਿਆਖਿਆ**—ਪੂਰਨ ਬ੍ਰਹਮ ਪਾਰਬ੍ਰਹਮ ਵਾਹਿਗੁਰੂ ਨਿਰੰਕਾਰ ਆਪ ਆਕਾਰ ਧਾਰ ਕੇ ਗੁਰੂ ਨਾਨਕ ਸਰੂਪ ਜੋਤਿ-ਜਾਮੇ ਵਿਚ ਪ੍ਰਗਟ ਹੋਇਆ ਅਤੇ ਆਪਣੇ ਅਬਿਗਤਿ ਗਤੀ ਵਾਲੇ ਅਗਾਧ ਬੋਧ ਅਲੱਖ ਸਰੂਪ ਨੂੰ ਗੁਰ

*ਸਤੇ ਬਲਵੰਡ ਦੀ ਵਾਰ, ਪੰਨਾ ੯੬੬। †ਭਾਈ ਗੁਰਦਾਸ ਜੀ, ਵਾਰ ੨੯, ਪ: ੧



www.AKJ.Org

ਮੂਰਤ ਹੋਇ ਕੈ, ਅਰਥਾਤ ਗੁਰੂ ਨਾਨਕ ਦਾ ਜੋਤਿ-ਜਾਮਾ ਧਾਰ ਕੇ ਸੰਸਾਰੀ ਜੀਵਾਂ ਪ੍ਰਤੀ ਲਖਾਇਆ, ਕਿਉਂਕਿ ਸਾਧ ਸੰਗਤਿ ਰੂਪੀ ਸਚਖੰਡ ਵਸਾ ਕੇ ਇਸ ਸਾਧ ਸੰਗਤਿ ਰੂਪੀ ਸਚਖੰਡ ਵਿਖੇ ਭਗਤ ਵਛਲ ਹੋਇ ਕੇ ਆਣ ਉਤਰਿਆ। ਇਸ ਬਿਧ ਉਸ ਅਛਲ ਰੂਪ ਨੇ ਸਾਧ ਸੰਗਤਿ ਅਤੇ ਭਗਤਾਂ ਦੇ ਵਸਗਤਿ ਹੋ ਕੇ ਆਪਣੇ ਆਪ ਨੂੰ ਛਲਾਇ ਲਿਆ। ਜੋ ਕਿਸੇ ਦੇ ਛਲ ਵਿਚ ਕਿਸੇ ਦੇ ਵਸ ਵਿਚ ਨਹੀਂ ਆਉਂਦਾ, ਆਪ ਗੁਰੂ-ਜੋਤਿ ਹੋਇ ਕੇ ਗੁਰੂ ਨਾਨਕ ਨਿਰੰਕਾਰੀ ਦੇ ਵਸਗਤਿ ਹੋਇ ਆਪਣੀ ਅਛਲ ਅਕਲ ਕਲਾ ਨੂੰ ਛਲਾਇ ਲਿਆ। ਗੁਰੂ ਨਾਨਕ ਨਿਰੰਕਾਰੀ ਨੇ ਇਹ ਅਛਲ ਛਲਾਈ ਨਿਰੰਕਾਰ ਰੂਪ ਧਾਰ ਕੇ, ਵਰਨ-ਆਸ਼ਰਮਾਂ ਦਾ ਭੇਦ ਮਿਟਾਇ ਕੇ ਚਾਰੇ ਵਰਨ ਆਸ਼ਰਮ ਸਾਰੇ ਮੱਜ਼ਹਬ ਮਤਾਂ ਨੂੰ ਆਪਣਾ ਛਲਣਹਾਰਾ ਜਲਵਾ ਰੂਪ ਦਿਖਾਇ ਕੇ, ਐਸਾ ਮੋਹਤ ਕਰ ਕੇ ਛਲ ਲਿਆ ਕਿ ਸਾਰੇ ਆਦਿ ਪੁਰਖ ਦੀ ਆਦੇਸ-ਨਿਵੇਦਨੀ-ਭਗਤੀ ਵਿਚ ਹੀ ਲਗ ਗਏ। ਦੂਜੇ ਭਾਵ ਦੀਆਂ ਉਪਾਸ਼ਨਾਂ ਛੱਡ ਕੇ ਕੇਵਲ ਇਕ ਅਕਾਲ ਪੁਰਖ ਦੀ ਅਰਾਧਨਾ ਵਿਚ ਹੀ ਲਗ ਗਏ। ਅਕਾਲ ਪੁਰਖ ਦਾ ਨਿਰੰਕਾਰੀ ਰੂਪ ਉਹਨਾਂ ਨੂੰ ਇਸੇ ਮਾਤ ਲੋਕ ਵਿਖੇ ਹੀ ਅਛਲ ਛਲੀ ਜਲਵੇ ਵਿਚ ਜਲਵਾਗਰ ਹੋ ਗਿਆ। ਸਤਿਗੁਰੂ ਦਾ ਨਿਰੰਕਾਰੀ, ਸਤਿਗੁਰੂ ਦਾ ਨਿਰੰਕਾਰ-ਆਕਾਰੀ, ਸਤਿਗੁਰੂ ਦਾ ਜੋਤਿ ਸਰੂਪੀ ਦਰਸ਼ਨ, ਸਾਰਿਆਂ ਦਾ ਹੀ ਧਿਆਨ-ਮੂਲ ਬਣ ਗਿਆ। ਖਟ-ਦਰਸ਼ਨੀ ਮਤਾਂ ਦੇ ਉਪਾਸ਼ਕ, ਆਨ ਦੇਵੀ ਦੇਵਤਿਆਂ ਦੇ ਆਰਾਧਕ, ਸਾਰੇ ਉਸ ਧਿਆਨ-ਮੂਲ ਦਰਸ਼ਨ ਵਲ ਹੀ ਉਲਟ ਪਏ ਅਤੇ ਏਸੇ ਗੁਰੂ-ਨਿਰੰਕਾਰੀ ਦੇ ਦਰਸ਼ਨ ਵਿਚ ਸਮਾ ਗਏ। ਭਾਵ ਇਹ ਕਿ "ਕਲਿਜੁਗੁ ਉਧਾਰਿਆ ਗੁਰਦੇਵ"* ਦੇ ਵਾਕ ਅਨੁਸਾਰ ਸਭ ਦਾ ਨਿਸਤਾਰਾ ਗੁਰੂ ਘਰ ਵਿਚ ਆ ਕੇ ਹੀ ਹੋਇਆ, ਹੋ ਰਿਹਾ ਹੈ ਤੇ ਹੋਏਗਾ। ਵਾਧਾ ਇਹ ਕਿ ਗੁਰੂ ਨਾਨਕ ਨਿਰੰਕਾਰੀ ਦੇ ਗੁਰੂ ਜੋਤਿ-ਜਾਮੇ ਨਿਰਾ ਨਿਰੰਕਾਰ ਦਾ ਸਰੂਪ ਹੀ ਸਨ। ਆਪ ਨਿਰੰਕਾਰੀ ਹੀ ਸਨ। ਪਰ ਆਪਣੇ ਆਪ ਨੂੰ ਉਹਨਾਂ ਨਿਰੰਕਾਰ ਕਰਕੇ ਨਹੀਂ ਜਣਾਇਆ, ਪੂਰੇ ਸਤਿਗੁਰੂ ਦੀ ਇਹੋ ਨਿਸ਼ਾਨੀ ਹੈ। ਪੂਰਾ ਸਤਿਗੁਰੂ ਗੁਰੂ ਨਾਨਕ ਸੱਚਾ ਪਾਤਸ਼ਾਹ ਹੀ ਹੋਇਆ ਹੈ। ਆਪਣੇ ਗੁਰ-ਸਰੂਪ ਦਸੇ ਜੋਤ-ਜਾਮਿਆਂ ਸੰਯੁਕਤ ਇਸ ਪੂਰੇ ਸਤਿਗੁਰੂ ਨੇ ਪੂਰਾ ਠਾਠ ਠਟਿਆ (ਹੋਰ ਕੋਈ ਊਰਾ ਗੁਰੂ ਇਹ ਠਾਠ ਨਹੀਂ ਠਟ ਸਕਦਾ ਸੀ)। ਨਿਰੰਕਾਰ ਅਕਾਰ ਧਾਰ ਕੇ ਭਗਤ-ਵਛਲ ਹੋਇ ਅਵਤਰਨ ਦਾ ਪੂਰੇ ਸਤਿਗੁਰੂ ਨੇ ਪੂਰਾ ਠਾਠ ਕਿਵੇਂ ਠਟਿਆ (ਬਾਟ ਕਿਵੇਂ ਬਟਿਆ)? ਇਉਂ ਕਿ ਪੂਰੇ ਸਤਿਗੁਰੂ ਨੇ ਪੂਰੀ ਕਲਾ ਧਾਰ ਕੇ ਧੁਰੋਂ, ਧੁਰ ਦਰੋਂ ਪਾਈ ਬਖਸ਼ (ਬਖਸ਼ਸ਼) ਕਰ ਕੇ ਪੂਰਾ ਸਤਿਸੰਗ-ਮੰਡਲ ਰਚਾਇਆ। ਇਸ ਧਰਤੀ ਤੇ ਆ ਕੇ ਐਨ ਸਚਖੰਡੀ ਸਤਿਸੰਗ-ਮੰਡਲ ਦਾ ਪਰੋਟੋਟਾਈਪ (ਅਸਲ ਨਮੂਨਾ) ਧੁਰੋਂ ਧਾਰਿਆ। ਪਰਾਪੂਰਬਲਾ ਗੁਰ-ਮੰਤਰ, (ਵਾਹਿਗੁਰੂ) ਬਖਸ਼ਸ਼ ਵਾਲਾ ਗੁਰ-ਮੰਤਰ, ਪੂਰਾ ਗੁਰ-ਮੰਤਰ ਐਨ ਉਸੇ ਤਰ੍ਹਾਂ ਪਾਰਸ-ਕਲਾ ਵਿਚ ਅਧਕਾਰੀ ਜਗਿਆਸੂਆਂ ਨੂੰ ਦੇ ਕੇ ਦ੍ਰਿੜ੍ਹਾਇਆ, ਜਿਸ ਪਰਕਾਰ ਕਿ ਵਾਹਿਗੁਰੂ ਨੇ ਆਪਣਾ ਸਵੈ ਨਾਮ, ਆਪੀਨੈ ਆਪਿ ਉਪਾਇਆ ਨਾਮ, ਖਾਸ ਆਪ ਸਿਰੀ ਗੁਰੂ ਨਾਨਕ ਨਿਰੰਕਾਰੀ ਨੂੰ ਦ੍ਰਿੜ੍ਹਾਇਆ ਸੀ। ਅੰਮ੍ਰਿਤ-ਨਾਮ-ਪਰਵੇਸ਼ੀ-ਪਾਰਸ-ਸਕਤਿ ਸੰਪੰਨੇ ਪੂਰੇ ਪਿਰਮ ਰਸ, ਪਾਰਸ ਰੂਪੀ ਅੰਮ੍ਰਿਤ-ਨਾਮ ਨੂੰ ਅਧਿਕਾਰੀ ਜਨਾਂ ਦੇ ਅੰਤਰਿ-ਆਤਮੇ ਪਰਵੇਸ਼ ਕਰ ਕੇ, ਪੂਰੇ ਸਤਿਗੁਰੂ ਨੇ ਅੰਮ੍ਰਿਤ-ਕਲਾ-ਸੰਪੰਨ ਪੂਰੇ ਅੰਮ੍ਰਿਤ-ਧਾਰੀ ਪੰਚ ਪਰਵਾਨ ਪੰਚ ਪਰਧਾਨ ਗੁਰਮੁਖ ਜਨ ਉਤਪੰਨ ਕਰ ਦਿਤੇ। ਇਸ ਬਿਧ ਪਾਰਸ-ਸ਼ਕਤੀਸ਼ਰੀ-ਅੰਮ੍ਰਿਤ-ਅਕਲ-ਕਲਾ ਸੰਪੰਨ ਅੰਮ੍ਰਿਤ-ਨਾਮ ਦੇ ਰਸੀਆਂ ਗੁਰਮੁਖ ਜਨਾਂ ਦਾ ਪੂਰਾ ਗੁਰਮੁਖ ਪੰਥ ਚਲਾ ਦਿਤਾ। ਇਸ ਪੰਚ-ਪਰਵਾਨੀ ਪੰਚ-ਪਰਧਾਨੀ ਗੁਰਮੁਖਾਂ, ਪੂਰੇ ਗੁਰ ਪੰਥ ਪਿਆਰਿਆਂ ਗੁਰਮੁਖਾਂ ਦੇ ਪੁੰਜ ਅੰਦਰ, ਇਸ ਨਿਰੰਕਾਰੀ ਪੰਥ ਦੇ ਪੁੰਜ ਗੁਰਮੁਖੀ ਜੋਤਿ-ਦਰਸ਼ਨ ਅੰਦਰ, ਆਪਣੇ ਨਿਜ ਸਰੂਪ ਦਾ (ਗੁਰੂ ਸਰੂਪ ਦਾ) ਅਤੇ ਨਿਰੰਕਾਰ ਕਰਤਾਰ ਦੇ ਪਰਮਾਤਮ ਸਰੂਪ ਦਾ ਪੂਰਾ ਦਰਸ਼ਨ ਪ੍ਰਤਿਬਿੰਬਤ ਕਰ ਕੇ ਰਖ ਦਿਤਾ। ਪੂਰੇ ਸਤਿਗੁਰੂ ਨੇ ਪੂਰੇ ਸ਼ਬਦ ਗੁਰ-ਮੰਤਰ ਦਾ ਚਕਰ ਚਲਾਇਆ ਅਤੇ ਸਾਧ ਸੰਗਤ ਵਿਚ ਪੂਰੇ ਸਤਿਗੁਰੂ ਨੇ ਪੂਰਾ ਬਹਿਣ

*ਆਸਾ ਮ: ੫, ਪੰਨਾ ੪੦੬



www.AKJ.Org

ਬੈਠਣਾ ਕਰਿ ਪੂਰਾ ਤਖ਼ਤ ਰਚਾ ਦਿਤਾ। ਜਿਸ ਪਰਕਾਰ ਕਿ ਨਿਰੰਕਾਰ ਅਕਾਲ ਪੁਰਖ ਸਚਖੰਡ ਵਿਖੇ 'ਸਚੈ ਤਖਤ ਸਚ ਮਹਲੀ'* ਬੈਸਿਆ ਬਿਰਾਜਮਾਨ ਹੈ, ਤਿਸੇ ਪਰਕਾਰ ਨਿਰੰਕਾਰ ਦਾ ਰੂਪ ਧਾਰ ਕੇ ਨਿਰੰਕਾਰ ਰੂਪ ਜੋਤਿ-ਆਕਾਰੀ-ਗੁਰੂ ਨੇ ਸਾਧ ਸੰਗਤ ਰੂਪੀ ਸਚਖੰਡ ਵਿਖੇ ਬੈਠ ਕੇ ਸਚੇ ਤਖ਼ਤ ਉਤੇ ਬਹਿਣਾ (ਬੈਠਣਾ) ਕੀਤਾ। ਸਚਮੁਚ ਇਸ ਧਰਤੀ ਉਤੇ ਭੀ "ਸਾਧ ਸੰਗਤ ਸਚਖੰਡੁ ਹੈ ਭਗਤਿ ਵਛਲ ਹੋਇ ਵਸਗਤਿ ਆਇਆ"† ਵਾਲਾ ਭਾਈ ਗੁਰਦਾਸ ਜੀ ਦਾ ਵਾਕ ਸਾਂਗੋ ਪਾਂਗ ਘਟਣ ਘਟਾਉ ਰਖਦਾ ਹੈ। ਨਿਰੰਕਾਰੀ ਗੁਰੂ ਬਾਬਾ, ਸਾਹਿਬ ਸਤਿਗੁਰੂ ਨਾਨਕ ਗੁਰੂ ਕਰਤਾਰ ਨਿਰੰਕਾਰ ਦਾ ਰੂਪ ਵਟਾ ਕੇ ਹੀ ਏਸ ਅਸਾਡੀ ਧਰਤੀ ਉਤੇ ਪ੍ਰਗਟ ਹੋਇਆ ਅਤੇ ਸਾਧ ਸੰਗਤ ਵਿਖੇ ਆਣ ਪਰਗਟ ਜੋਤਿ-ਸਰੂਪੀ-ਰੂਪ ਨੂੰ ਜਲਵਾਗਰ ਕਰ ਦਿਖਲਾਇਆ ਕਿ ਸਾਧ ਸੰਗਤ ਨੂੰ ਸਚਖੰਡ ਹੀ ਬਣਾ ਦਿਤਾ। ਇਉਂ ਗੁਰ ਬਾਬਾ ਨਿਰੰਕਾਰੀ ਭਗਤ ਵਛਲ ਹੋਇ ਕੇ ਭਗਤਾਂ, ਗੁਰਮੁਖ ਗੁਰਸਿਖਾਂ ਦੇ ਵਸਗਤਿ ਆਇਆ, ਜਿਵੇਂ ਕਿ ਆਪ ਨਿਰੰਕਾਰ ਅਕਾਲ ਪੁਰਖ ਸਤਿਗੁਰ ਗੁਰ ਨਾਨਕ ਜੀ ਦੇ ਵਸਗਤਿ ਹੋਇ ਗਿਆ ਸੀ। ਗੁਰੂ ਸਤਿਗੁਰੂ ਨੇ ਸਤਿਨਾਮ ਗੁਰਮੰਤਰ ਦੀ ਕਲਾ-ਕ੍ਰਿਸ਼ਮੀ-ਕਮਾਈ ਕਰਕੇ ਹੀ ਗੁਰਸਿਖਾਂ ਨੂੰ ਅਕਾਲ ਪੁਰਖ ਵਾਹਿਗੁਰੂ ਦੇ ਸੱਚੇ ਸਰੂਪ ਦਾ ਦਰਸ਼ਨ ਕਰਾਇ ਦਿਤਾ ਅਤੇ ਇਸ ਬਿਧ ਤੱਤ-ਦਰਸੀ ਅਰਥਾਂ ਵਿਚ ਸੱਚਾ ਗਿਆਨ ਗੁਰਸਿਖਾਂ ਪ੍ਰਤੀ ਸਮਝਾਇ ਦਿਤਾ (Realize ਕਰਾ ਦਿਤਾ) ਅਤੇ "ਸਬਦੁ ਗੁਰੂ ਸੁਰਤਿ ਧੁਨਿ ਚੇਲਾ"‡ ਵਾਲਾ ਸੱਚਾ ਪਰਚਾ ਲਾ ਦਿਤਾ ਅਤੇ ਦੀਵੇ ਨਾਲ ਦੀਵਾ ਜਗਾ ਦਿਤਾ। ਏਸ ਭਾਵ ਦਾ ਹੀ ਭਾਈ ਗੁਰਦਾਸ ਜੀ ਦਾ ਅਗਲਾ ਵਾਕ ਹੈ :—

ਸਤਿਗੁਰ ਸਚਾ ਪਾਤਿਸਾਹੁ ਸਾਧ ਸੰਗਤਿ ਸਚਖੰਡੁ ਵਸਾਇਆ॥
ਗੁਰਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ॥
ਗੁਰਸਿਖ ਸਭੋ ਸਾਧਨਾ ਸਾਧ ਸਦਾਇ ਸਾਧ ਸਦਵਾਇਆ॥
ਚਹੁ ਵਰਣਾ ਉਪਦੇਸ ਦੇ ਮਾਇਆ ਵਿਚਿ ਉਦਾਸੁ ਰਹਾਇਆ॥
ਸਚਹੁ ਓਰੈ ਸਭ ਕਿਹੁ ਸਚੁ ਨਾਉ ਗੁਰਮੰਤੁ ਦ੍ਰਿੜਾਇਆ॥
ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੁ ਸਚਿ ਸਮਾਇਆ॥
ਸਬਦ ਸੁਰਤਿ ਲਿਵ ਅਲਖੁ ਲਖਾਇਆ॥ ੧॥ [ਵਾਰ ੭

ਇਸ ਵਾਕ ਵਿਚ ਇਹ ਗੱਲ ਨਿਖਰ ਕੇ ਸਪੱਸ਼ਟ ਹੋ ਗਈ ਕਿ ਨਿਰੰਕਾਰੋਂ ਆਕਾਰ ਧਰ ਕੇ ਨਿਰੰਕਾਰ ਰੂਪ ਵਿਅਕਤੀ ਜੋ ਇਸ ਸੰਸਾਰ ਵਿਚ ਆਈ, ਸਤਿਗੁਰ ਸੱਚੇ ਪਾਤਸ਼ਾਹ ਦੀ ਹੀ ਅਲੌਕਿਕ ਹਸਤੀ ਸੀ। ਸਤਿਗੁਰ ਸੱਚੇ ਪਾਤਸ਼ਾਹ ਨੇ ਨਿਰੰਕਾਰੋਂ ਆਕਾਰ ਕਰਿ ਆਪਣੀ ਜਗਜੀਵਨ-ਜੋਤਿ ਜਗਾਇ ਕੈ ਇਸ ਮਾਤ-ਲੋਕ ਵਿਖੇ ਹੀ ਸਾਧ ਸੰਗਤ ਰੂਪੀ ਸਚਖੰਡ, ਦੇਵ ਲੋਕੀ ਸਚਖੰਡ ਸਦਰਸ਼ ਵਸਾਇ ਦਿਤਾ। ਇਸ ਗੁਰੂ-ਵਸਾਈ ਸਚਖੰਡ ਰੂਪੀ ਸਾਧ ਸੰਗ ਮਈ ਸੱਚੀ ਟਕਸਾਲ ਵਿਚ ਗੁਰ-ਦੀਖਿਆ ਲੈ ਲੈ ਕੇ ਅਨੇਕ ਜੋਤਿ-ਦੀਪ-ਜਗਨੰਤਰੀ ਗੁਰਮੁਖ ਉਤਪੰਨ ਹੋਏ। ਐਸੇ ਗੁਰਸਿਖ ਪੈਦਾ ਹੋਏ ਜਿਨ੍ਹਾਂ ਨੇ ਸਮੁੰਦ ਰੂਪ ਸਤਿਗੁਰੂ ਦੇ ਸਰੂਪ ਵਿਚ ਨਦੀ ਤ੍ਰੰਗ ਨਿਆਈਂ ਆਪਣੇ ਆਪ ਨੂੰ ਲੀਨ ਕਰ ਦਿਤਾ। ਇਸ ਬਿਧ ਆਪਣਾ ਆਪ ਗਵਾ ਕੇ ਫੇਰ ਆਪਾ ਨਹੀਂ ਜਣਾਇਆ, ਐਸੇ ਅਲੱਖ ਨੂੰ ਲਖ ਕੇ ਅਜਰ ਨੂੰ ਜਰਨ ਵਾਲੀ ਸਮਾਈ ਹੋਵੇ ਤਾਂ ਐਜੀ ਹੀ ਹੋਵੇ ਜੈਸੀ ਕਿ ਸਤਿਗੁਰੂ ਦੇ ਅਨਿੰਨ ਕਮਾਈ ਵਾਲੇ ਅਭਿਆਸੀ ਪੰਚ ਗੁਰਸਿਖਾਂ ਵਿਚ ਹੈ। ਇਸ ਸਚਖੰਡੀ ਸਾਧ-ਸੰਗਤ ਰੂਪੀ ਸੱਚ-ਟਕਸਾਲ ਤੋਂ ਉਪਜੇ ਐਸੇ ਗੁਰਸਿਖ ਪੈਦਾ ਹੋਏ, ਹੁੰਦੇ ਹਨ ਅਤੇ ਹੋਣਗੇ, ਜਿਨ੍ਹਾਂ ਨੇ ਆਪਣੇ ਮਨ ਨੂੰ ਐਸਾ ਸਾਧਿਆ ਹੈ ਕਿ ਓਹਨਾਂ ਅਗੇ ਸਭੇ ਸਾਧਨਾਂ ਪਾਣੀ ਭਰਦੀਆਂ ਹਨ। ਇਸ ਬਿਧਿ ਹੀ ਗੁਰਮਤਿ ਸਾਧਨਾ ਸਾਧ ਕੇ ਓਹ ਸੱਚ ਮੁੱਚ

*ਰਾਮਕਲੀ ਦਖਣੀ ਮ: ੧, ਪੰਨਾ ੯੦੭, †ਭਾਈ ਗੁਰਦਾਸ ਜੀ, ਵਾਰ ੨੯, ਪ: ੧।
‡ਰਾਮਕਲੀ ਮ: ੧ ਸਿਧ ਗਸਟਿ, ਪੰਨਾ ੯੪੩।



www.AKJ.Org

ਦੇ ਗੁਰਮਤਿ ਪ੍ਰਵਾਨੀਕ ਮੰਨੇ-ਦੰਨੇ ਸਾਧ ਸਦਵਾਏ, ਪਰ ਉਹਨਾਂ ਨੇ ਹੰਗਤਾ ਵਿਚ ਆ ਕੇ ਆਪਣੇ ਆਪ ਨੂੰ ਮਨ ਬਚ ਕਰਮ ਕਰਕੇ ਕਦੇ ਸਾਧ ਨਹੀਂ ਮੰਨਿਆ, ਨਾ ਉਹਨਾਂ ਨੂੰ ਸਾਧ ਸਦਵਾਉਣ ਦਾ ਹੋਛਾ ਤੇ ਫੋਕਾ ਚਸਕਾ ਹੀ ਲਗਿਆ। ਸੱਚੇ ਗੁਰਮੁਖ ਸਿਖ ਸਾਧਾਂ ਦਾ ਸਾਖਸ਼ਾਤ ਅਸਲੀ ਜੀਵਨ-ਮੁਨਾਰਾ ਹੀ ਚਹੁੰ ਵਰਨਾਂ ਨੂੰ ਉਪਦੇਸ਼ ਦੇਣਹਾਰਾ ਹੈ। ਸੱਚੇ ਗੁਰਸਿਖ ਸਾਧਾ ਦਾ ਗੁਰਮਤਿ ਸਾਧਨਾ ਸਾਧਿਆ ਜੀਵਨ ਹੀ ਚੰਦਨ ਰੂਪ ਹੈ, ਜਿਸ ਤੋਂ ਆਪੇ ਆਪ ਸੁਗੰਧਤ ਹੋ ਕੇ ਸਗਲ ਵਰਨ-ਆਸ਼ਰਮੀ ਲੋਗ ਚੰਦਨ ਦੀ ਨਿਆਈਂ ਹੋਇ ਰਹਿੰਦੇ ਹਨ। ਗੁਰਮੁਖ ਸਿਖ ਸੰਤ ਭਗਤ ਜਨ ਗ੍ਰਿਹਸਥ ਅੰਦਰ ਰਹਿ ਕੇ ਅਤੇ ਜੀਅ-ਕਣੀ ਮੁਸ਼ਕਾਤੇ, ਜੀਅ ਦਾਨ-ਦਾਤੇ, ਕਮਾਈਆਂ ਵਾਲੇ ਜਾਗਦੇ ਜੋਗੀਰਾਜ ਜੋਗੀ ਹੋਇ ਕੇ, ਫਿਰ ਮਾਇਆ ਅੰਦਰ ਜਲ ਕਮਲ ਵਤ ਅਲੇਪ ਰਹਿੰਦੇ ਹਨ। ਦੁਨੀਆ ਸੱਚ ਲਭਣ ਵਿਚ ਖ਼ਫਾ-ਖ਼ੂਨ ਹੋਈ (ਬੌਂਦਲੀ) ਫਿਰਦੀ ਹੈ, ਫਿਰ ਭੀ ਕਿਸੇ ਸੱਚ-ਮੁਤਲਾਸ਼ੀ ਨੂੰ ਸੱਚ ਨਹੀਂ ਲਭਦਾ, ਪਰ ਇਹ ਸੱਚ ਸਚੜਾ ਸਚਿ ਪਦਾਰਥ ਨਾਮ, ਸਾਧ ਸੰਗ ਰੂਪੀ ਸੱਚਖੰਡ ਰੂਪੀ ਸੱਚੀ ਗੁਰ-ਟਕਸਾਲ ਵਿਚੋਂ ਮਿਲਦਾ ਹੈ। ਸਤਿਗੁਰ ਸੱਚਾ ਪਾਤਸ਼ਾਹ ਇਸ ਸਚਖੰਡ ਸਾਧ ਸੰਗ ਦਾ ਮਾਲਕ ਹੀ ਆਪਣੀ ਸਚਖੰਡੀ ਸਚੜੇ ਖਜ਼ੀਨੇ ਵਿਚੋਂ ਸਾਧ ਸੰਗ ਮਈ ਸੱਚੀ ਟਕਸਾਲ ਵਿਚ ਗੁਰਮੰਤਰ ਗੁਰਮਤਿ ਨਾਮ ਰੂਪ ਸੱਚ ਪਦਾਰਥ, ਗੁਰਸਿਖਾਂ ਪ੍ਰਤੀ ਬਖਸ਼ ਕੇ ਦ੍ਰਿੜ੍ਹਾਇ ਦਿੰਦਾ ਹੈ। ਤਾਂ ਤੇ ਗੁਰਸਿਖਾਂ ਨੂੰ ਹੀ ਇਸ ਸੱਚੀ ਗੁਰ ਦਰਗਾਹੇ ਸਚੁ ਪਦਾਰਥ ਮਿਲਦਾ ਹੈ। ਇਸ ਗੁਰ-ਮੰਤਰ ਨਾਮ ਰੂਪੀ ਸੱਚ ਤੋਂ ਹੇਠ ਹਰ ਸਾਰੇ ਸੱਚ ਉਰਡੇ ਪਰੇਡੇ ਹੀ ਹਨ। ਐਵੇਂ ਦੁਨੀਆ ਪਈ ਸੱਚ ਸੱਚ ਕੂਕਦੀ ਫਿਰਦੀ ਹੈ, ਪਰ ਨਾ ਹੀ ਕੋਈ ਸੱਚ ਦਾ ਸੱਚਾ ਮੁਤਲਾਸ਼ੀ ਹੈ ਨਾ ਇਹ ਸੱਚ ਕਿਸੇ ਨੂੰ ਲੱਭਾ ਹੈ। ਸਭ ਸੱਚ ਤੋਂ ਉਰ ਉਰੇ ਹੀ ਰਹਿ ਜਾਂਦੇ ਹਨ। ਜੋ ਸਤਿਗੁਰ ਦੇ ਭਾਣੇ ਅੰਦਰ ਨਹੀਂ ਆਉਂਦੇ, ਜੋ ਸਤਿਗੁਰ ਦੇ ਸੱਚੇ ਹੁਕਮ-ਰਜ਼ਾਈ ਸਿਖ ਨਹੀਂ ਬਣਦੇ, ਉਹਨਾਂ ਨੂੰ ਸਚੁ ਨਹੀਂ ਮਿਲਦਾ। ਉਂਞ ਤਾਂ ਹੁਕਮੈ ਅੰਦਰਿ ਸਭ ਕੋਈ ਚਲਣ ਦੀਆਂ ਜ਼ਿਹਨੀਅਤਾਂ ਰਖਦਾ, ਪਰ ਜੋ ਸਤਿਗੁਰੂ ਦਾ ਹੁਕਮ ਮੰਨਦਾ ਹੈ, ਸੋਈ ਸੱਚ ਨੂੰ ਪ੍ਰਾਪਤ ਕਰਦਾ ਅਤੇ ਸਚ ਪਦਾਰਥ ਨਾਮ ਨੂੰ ਪ੍ਰਾਪਤ ਕਰ ਕੇ ਸੱਚ ਵਿਚ ਹੀ ਸਮਾਇ ਜਾਂਦਾ ਹੈ। ਐਸੇ ਸਚ-ਪ੍ਰਾਪਤੀ ਵਾਲੇ ਸਿਖਾਂ ਨੇ ਸ਼ਬਦ ਸੁਰਤਿ ਲਿਵ ਜੋੜ ਕੇ ਅਲੱਖ ਨੂੰ ਲਖ ਲਿਆ ਹੈ।

ਭਾਈ ਗੁਰਦਾਸ ਜੀ ਨੇ ਇਸ ਬਿਧ ਉਪਰ ਲਿਖੇ ਭਾਵ ਨੂੰ ਇਸ ਪਉੜੀ ਵਿਖੇ ਨਿਰਣੇ ਕੀਤਾ ਹੈ :–

ਨਾਰਾਇਣ ਨਿਜ ਰੂਪੁ ਧਰਿ ਨਾਥਾ ਨਾਥ ਸਨਾਥ ਕਰਾਇਆ ॥
ਨਰਪਤਿ ਨਰਹ ਨਰਿੰਦੁ ਹੋ ਨਿਰੰਕਾਰਿ ਆਕਾਰੁ ਬਣਾਇਆ ॥
ਕਰਤਾ ਪੁਰਖੁ ਵਖਾਣੀਐ ਕਾਰਣੁ ਕਰਣੁ ਬਿਰਦੁ ਬਿਰਦਾਇਆ ॥
ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖ ਲਖਾਇਆ ॥
ਸਤਿ ਰੂਪ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ ॥
ਧਰਮਸਾਲ ਕਰਤਾਰਪੁਰ ਸਾਧ ਸੰਗਤਿ ਸਚਖੰਡ ਵਸਾਇਆ ॥
ਵਾਹਿਗੁਰੂ ਗੁਰ ਸਬਦੁ ਸੁਣਾਇਆ ॥੧॥ [ਵਾਰ ੨੪

ਨਾਰਾਇਣ ਨਿਰੰਕਾਰ ਨੇ ਨਿਜ ਰੂਪ ਗੁਰੂ ਨਾਨਕ ਸਾਹਿਬ ਦੇ ਵਜੂਦ ਵਿਚ ਧਰ ਕੇ ਗੁਰੂ ਸਾਹਿਬ ਨੂੰ ਨਾਥਾਂ ਨਾਥ ਸੱਚਾ ਨਾਥ ਆਪਿ ਥਾਪ ਦਿਤਾ। ਇਹ ਗੁਰੂ ਨਾਨਕ ਸਾਹਿਬ ਮਾਨੁਖ ਰੂਪ ਨਿਰਾ ਨਰ ਨਹੀਂ, ਨਰਾਂ ਦਾ ਪਤੀ ਨਰਾਂ ਦਾ ਪਾਤਸ਼ਾਹ ਹੈ, ਨਰ ਤੇ ਹਰੀ ਦਾ ਸਾਂਝਾ ਸਰੂਪ ਹੈ, ਨਿਰੰਕਾਰ ਆਪ ਆਪਣਾ ਆਕਾਰ ਬਣਾ ਕੇ ਗੁਰੂ ਨਾਨਕ ਦੇ ਜਾਮੇ ਵਿਚ ਆਣ ਉਤਰਿਆ ਹੈ। ਕਾਰਨ ਕਰਨ ਸਮਰਥ ਕਰਤਾ ਪੁਰਖ ਨੇ ਇਹ ਅਨੂਠਾ ਬਿਰਦ ਬਿਰਦਾਇਆ ਹੈ। ਜਿਸ ਦੇਵਾਧ ਦੇਵ ਅਲੱਖ ਅਭੇਵ ਕਰਤੇ ਪੁਰਖ ਨੇ ਦੇਵੀ ਦੇਵਤਿਆਂ ਤਾਈਂ ਆਪਣੇ ਅਲੱਖ ਸਰੂਪ ਨੂੰ ਭੀ ਨਹੀਂ ਲਖਾਇਆ, ਅਰਥਾਤ ਇਸ ਅਲੱਖ ਅਭੇਵ ਸਰੂਪ ਨੂੰ ਦੇਵੀ ਦੇਵਤੇ ਪੈਗੰਬਰ ਆਦਿ ਨਹੀਂ ਲਖ ਸਕੇ, ਉਸ ਅਲੱਖ ਸਰੂਪ ਨੂੰ ਗੁਰੂ ਨਾਨਕ ਦੇਵ ਨੇ ਸਤਿਨਾਮ ਗੁਰਮੰਤਰ ਜਪਾ ਕੇ, ਸਤਿ ਰੂਪ ਵਿਚ



www.AKJ.Org

ਪਰਤੱਖ ਲਖਾ ਦਿਤਾ ਅਤੇ ਇਸ ਸਤਿ ਰੂਪ ਲਖਾਉਣਹਾਰੇ ਸਤਿਨਾਮ ਨੂੰ ਜਪਾਉਣ ਲਈ ਸਤਿਗੁਰ ਨਾਨਕ ਸਾਹਿਬ ਨੇ ਸਿਰੀ ਕਰਤਾਰਪੁਰ ਸਾਹਿਬ ਵਿਖੇ ਧਰਮਸਾਲ ਬਣਾ ਕੇ ਸਾਧ ਸੰਗਤਿ ਸਚਖੰਡ ਦਾ ਧੁਰਵਾ ਬੰਨ੍ਹ ਦਿਤਾ ਅਤੇ ਨਿਰੰਕਾਰੀ ਸਚਖੰਡ ਤੋਂ ਧੁਰੋਂ ਆਂਦੇ ਗੁਰ-ਸ਼ਬਦ ਸਤਿਨਾਮ ਗੁਰਮਤਿ ਨਾਮ ਵਾਹਿਗੁਰੂ ਗੁਰਮੰਤਰ ਦੀ ਗੁਰ-ਦੀਖਿਆ ਦੇ ਕੇ ਇਸ ਕਰਤਾਰਪੁਰੀ ਸੱਚੀ ਧਰਮਸਾਲ ਵਿਖੇ ਦਿਨ ਰਾਤ ਵਾਹਿਗੁਰੂ ਨਾਮ ਦਾ ਖੰਡਾ ਖੜਕਵਾਇ ਕੇ, ਸਚਮੁਚ ਕਰਤਾਰਪੁਰ ਨੂੰ ਸਿਰੀ ਕਰਤਾਰ ਕਰਤੇ ਪੁਰਖ ਦੀ ਪੁਰੀ, ਅਰਥਾਤ ਸਚਖੰਡ ਹੀ ਬਣਾ ਦਿਤਾ। ਇਸ ਪ੍ਰਕਾਰ ਦੀ ਸਾਧ ਸੰਗਤ, ਜੈਸੀ ਕਿ ਗੁਰੂ ਨਾਨਕ ਨਿਰੰਕਾਰੀ ਨੇ ਸਿਰੀ ਕਰਤਾਰਪੁਰ ਵਿਖੇ ਰਚੀ, ਸਦਾ ਹੀ ਸਚਖੰਡ ਸਰੂਪ ਹੈ, ਭਾਵੇਂ ਕਿਤੇ ਭੀ ਹੈ। ਇਹ ਗੁਰ ਨਾਨਕ ਨਿਰੰਕਾਰੀ ਨੂੰ ਹੀ ਸਮਰੱਥਾ ਹੈ ਕਿ ਇਸ ਮਾਤ-ਲੋਕੀ ਧਰਤੀ ਉਤੇ ਸਚਖੰਡ ਲਿਆ ਉਤਾਰੇ, ਹੋਰ ਕਿਸੇ ਨੂੰ ਨਹੀਂ। ਪਰ ਏਹਨਾਂ ਉਪਰ ਦਿਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਵਾਕ ਪਰਮਾਣਾਂ ਤੋਂ ਇਹ ਸਿੱਟਾ ਕਢ ਲੈਣਾ ਕਦੇ ਭੀ ਉਚਿਤ ਨਹੀਂ ਕਿ ਸਚਖੰਡ ਏਥੇ ਇਸ ਧਰਤੀ ਵਿਖੇ ਹੀ ਹੈ ਅਤੇ ਸਾਧ ਸੰਗਤਿ ਹੀ ਸਚਖੰਡ ਹੈ, ਹੋਰ ਸਚਖੰਡ ਅਰਸ਼ਾਂ ਕੁਰਸ਼ਾਂ ਉਤੇ ਕੋਈ ਨਹੀਂ। ਭਾਈ ਗੁਰਦਾਸ ਜੀ ਦਾ ਇਹ ਵਾਕ ਕਿ—

ਬਾਬਾ ਪੈਧਾ ਸਚਖੰਡ ਨਉ ਨਿਧਿ ਨਾਮ ਗਰੀਬੀ ਪਾਈ ॥੨੪॥ (੧)

ਸਪੱਸ਼ਟ ਹੈ ਕਿ ਅਰਸ਼ਾਂ ਕੁਰਸ਼ਾਂ ਤੇ ਹੀ ਸੱਚਾ ਸਚਖੰਡ, ਨਿਰੰਕਾਰੀ ਸਚਖੰਡ ਹੈ, ਜਿਥੇ ਕੇਵਲ ਗੁਰ ਨਾਨਕ ਨਿਰੰਕਾਰੀ ਸੱਚੇ ਹਾਦੀ ਦੀ ਹੀ ਪਹੁੰਚ ਹੈ, ਜਿਥੋਂ ਗੁਰੂ ਨਾਨਕ ਨਿਰੰਕਾਰੀ ਨੇ ਨਉਨਿਧ ਨਾਮ ਦੀ ਦਾਤਿ ਇਲਾਹੀ ਪਾਈ ਅਤੇ ਇਸ "ਗੁਰਮੁਖ ਪਾਈ ਦਾਤਿ ਇਲਾਹੀ" ਨੂੰ ਨਵਖੰਡ ਪ੍ਰਿਥਵੀ ਵਿਖੇ ਸੰਚਰਾਇ ਕੈ ਨਾਮ-ਅੰਮ੍ਰਿਤ ਸੰਚਰੀਵੀ ਗੁਰਮੁਖ ਜਨਾਂ ਨੂੰ ਭੀ ਸਚਖੰਡ ਵਿਖੇ ਪੁਜਾਇ ਕੇ ਸਦਾ ਲਈ ਅਮਰ ਅਟੱਲ ਕਰ ਦਿਤਾ। ਉਹ ਅਮਰ ਅਟੱਲ ਸਚਖੰਡ ਅਰਸ਼ੀ ਕੁਰਸ਼ੀ ਅਮਰ-ਅਟਾਰੀਆਂ ਵਿਖੇ ਸਚਖੰਡ ਹੈ ਅਤੇ ਫ਼ਰਸ਼ੀ ਸਾਧ ਸੰਗ ਧਰਮਸਾਲੜੇ ਸਚਖੰਡ ਤੋਂ ਰਾਵੀ ਕਿਨਾਰੇ ਵਾਲੇ ਕਰਤਾਰਪੁਰੜੇ ਸਚਖੰਡ ਤੋਂ ਨਿਰਾਲਾ ਅਗਮ ਅਗਮਾਲਾ ਹੈ। ਸਿਰੀ ਗੁਰੂ ਨਾਨਕ ਨਿਰੰਕਾਰੀ ਦੇ ਸਿਰੀ ਕਰਤਾਰਪੁਰ ਵਿਖੇ ਜੋਤਿ ਜਗਾਉਣ ਕਰਕੇ, ਸਿਰੀ ਕਰਤਾਰਪੁਰ ਸਚਖੰਡ ਬਣਿਆ। ਗੁਰੂ ਨਾਨਕ ਸਾਹਿਬ ਨਿਰੰਕਾਰ ਕਰਤਾਰ ਰੂਪ ਹੋ ਕੇ ਤਿਸ ਸਚਖੰਡ ਵਿਖੇ ਬਿਰਾਜਮਾਨ ਰਹੇ ਅਤੇ ਗੁਰ ਨਾਨਕ ਦੇ ਨਿਕਟ-ਦਰਸਾਰੀ ਸਿਖ ਸੰਤ ਜਨ ਨਿਰੰਕਾਰੀ ਸਚਖੰਡ-ਵਾਸੀ ਸੰਤ ਭਗਤ ਜਨਾਂ ਸਦਰਸ਼ ਹੋਏ। "ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ"* ਵਾਲਾ ਗੁਰਵਾਕ ਏਸੇ ਪ੍ਰਥਾਇ ਹੀ ਉਚਰਣਤ ਹੋਇਆ, ਅਰਥਾਤ ਗੁਰਸਿਖ ਸੰਤਾਂ ਦੇ ਪਾਸ ਕਰਤਾਰਪੁਰ ਵਿਖੇ ਨਿਰੰਕਾਰ ਰੂਪੀ ਕਰਤਾ ਗੁਰੂ ਨਾਨਕ ਸਾਹਿਬ ਵਸਿਆ, ਹੁਣ ਭੀ ਸਾਧ ਸੰਗਤਿ ਰੂਪੀ ਕਰਤਾਰਪੁਰੇ, ਗੁਰ-ਅਸਥਾਨਾਂ ਸਤਿਸੰਗ-ਮੰਡਲਾਂ ਵਿਖੇ ਕਰਤਾ ਪੁਰਖ ਪਰਤੱਖ ਵਸਦਾ ਹੈ। ਗੁਰ ਨਾਨਕ ਨਿਰੰਕਾਰੀ ਕਰਤਾਰ ਰੂਪ ਹੋ ਕੇ ਪਰਤੱਖ ਵਸਦਾ ਹੈ। ਜਿਨ੍ਹਾਂ ਗੁਰਮਤਿ ਨਾਮ ਦੀ ਅਤੁਟ ਅਭਿਆਸ ਸਿਮਰਨ ਕਮਾਈ ਕੀਤੀ ਹੈ, ਅਤੇ ਇਸ ਕਮਾਈ ਦਾ ਸਦਕਾ ਤਿਨ੍ਹਾਂ ਦੀ ਐਥੇ ਫ਼ਰਸ਼ੀ ਸਚਖੰਡ ਸਾਧ ਸੰਗਤ ਰੂਪੀ ਸਚਖੰਡ ਵਿਚ ਬੈਠਿਆਂ ਹੀ ਅਰਸ਼ੀ ਕੁਰਸ਼ੀ ਨਿਰੰਕਾਰੀ ਸਚਖੰਡ ਵਿਖੇ ਸਮਾਈ ਹੋਈ ਹੈ। ਵਾਹਿਗੁਰੂ ਦਰਸ਼ਨ-ਆਦਰਸ਼ੀਆਂ, ਦਰਸ਼ਨ-ਅਭਿਲਾਖੀਆਂ ਦੇ ਦਰਸ-ਆਦਰਸ਼ੀ-ਕਾਰਜ ਰਾਸ ਹੋਏ ਹਨ ਤਾਂ ਵਾਹਿਗੁਰੂ ਨਾਮ ਨੂੰ ਸਿਮਰ ਸਿਮਰ ਕੇ ਹੀ ਹੋਏ ਹਨ। ਤਿਨ੍ਹਾਂ ਨੂੰ ਪੂਰਨ ਪ੍ਰਭੂ ਦੀ ਦਰਸ-ਪ੍ਰਾਪਤੀ ਹੋਈ ਹੈ ਤਾਂ ਸਚਖੰਡ ਮੰਡਲ ਵਿਖੇ ਪਰਵੇਸ਼ ਕਰਕੇ ਹੀ ਹੋਈ ਹੈ। ਤਿਥੇ ਭੀ, ਅਰਥਾਤ ਸਚਖੰਡ ਪੁਰੀ ਵਾਲੇ ਕਰਤਾਰਪੁਰ ਵਿਖੇ ਭੀ ਤਿਨ੍ਹਾਂ ਦਰਸ-ਵਿਗਾਸੀ-ਗੁਰਮੁਖ ਜਨਾਂ ਨੂੰ ਕਰਤਾ ਪੁਰਖ ਕਰਤਾਰ ਨਿਰੰਕਾਰ ਆਪਣੇ ਸਚਖੰਡ ਦਰਬਾਰੀ ਕੌਤੂਹਲ ਕਰ ਰਹੇ ਭਗਤਾਂ ਸੰਤਾਂ ਸੰਯੁਕਤ ਹੀ ਪਰਤੱਖ ਦਰਸ-ਝਲਕਾਰ-ਝਲਕਰਤ ਹੋਇਆ ਹੈ। ਇਸ ਭੂਮੀ ਦੇ ਫਰਸ਼ ਨਿਵਾਸੀ ਗੁਰੂ ਵਰੋਸਾਏ ਭਗਤ ਜਨਾਂ ਦੀ ਵਾਹਿਗੁਰੂ-ਦਰਸ਼ਨ, ਸਚਖੰਡ

*ਬਿਲਾਵਲੁ ਮ: ੫, ਪੰਨਾ ੮੧੬



www.AKJ.Org

ਸੰਜੁਕਤੀ ਵਾਹਿਗੁਰੂ-ਦਰਸ਼ਨ ਅਕਾਂਖੀ ਅਰਦਾਸ ਭੀ ਸਦਾ ਪੂਰੀ ਹੁੰਦੀ ਹੈ। ਸਤਿਗਰੁ ਨੇ ਸਦਾ ਉਹਨਾਂ ਦੀ ਅਰਦਾਸ ਨੂੰ ਸਫਲੀ ਕੀਤਾ ਹੈ, ਤਿਨ੍ਹਾਂ ਦੀ ਅਰਦਾਸ ਪੂਰੀ ਹੋਣ ਵਿਚ ਕੋਈ ਭੀ ਬਿਘਨ ਨਹੀਂ ਲਗਦਾ, ਕਿਉਂਕਿ ਭਗਤ ਜਨਾਂ ਦੀ ਭਗਤਿ-ਕਮਾਈ ਵਾਲਾ ਰਾਸ ਪੂੰਜੀ ਦਾ ਰਖਵਾਲਾ ਆਪ ਗੋਬਿੰਦ ਰਾਇ ਗੁਰੂ ਵਾਹਿਗੁਰੂ ਹੈ, ਤਿਨ੍ਹਾਂ ਨੂੰ ਕਦੇ ਭੀ ਤੋਟ ਨਹੀਂ ਆਉਂਦੀ, ਪੂਰਨ ਭੰਡਾਰ ਜੁ ਹੋਇਆ।

ਪੂਰਨ ਭੰਡਾਰ ਵਾਲੀ ਦਾਤਿ ਦਾ ਅਸਚਰਜ ਕ੍ਰਿਸ਼ਮਾ ਇਹ ਹੈ ਕਿ ਅਗਮ ਅਪਾਰੀ ਵਾਹਿਗੁਰੂ ਦੇ ਜੋਤਿ ਕਿਰਨਾਰੀ ਚਰਨ ਕਮਲ ਐਥੇ ਬੈਠਿਆਂ ਹੀ ਗੁਰਮੁਖ ਭਗਤ ਜਨਾਂ ਦੇ ਰਿਦੰਤਰਿ ਆਨਿ ਵਸਦੇ ਹਨ। ਇਸ ਪ੍ਰਕਾਰ ਵਾਹਿਗੁਰੂ ਦੇ ਚਰਨਾਂ ਕੰਵਲਾਂ ਵਿਖੇ ਬਸਣ-ਹਾਰਿਆਂ ਅਤੇ ਵਾਹਿਗੁਰੂ-ਚਰਨ ਰਿਦ ਵਸਾ ਕੇ ਹੋਰ ਤੋਂ ਹੋਰ ਵਧੇਰੇ ਕਮਾਈਆਂ ਕਰਨਹਾਰਿਆਂ ਨੂੰ ਸੱਚੇ ਸੁਖ-ਦਰਸਨੀ-ਆਨੰਦ ਦੀ ਪ੍ਰਾਪਤੀ ਹੁੰਦੀ ਹੈ, ਅਤੇ ਕੁਛ ਊਣਤਾਈ ਨਹੀਂ ਰਹਿੰਦੀ। ਸਤਿਗੁਰ ਨਾਨਕ ਰੂਪੀ ਸਚ ਸਾਧ ਗੁਰੂ ਦੇ ਪ੍ਰਸਾਦ ਕਰਕੇ ਹੀ ਪੂਰਨ ਜਗਦੀਸ਼ ਪ੍ਰਭੂ ਪਰਮਾਤਮਾ ਦੇ ਦਰਸ਼ਨ ਭੇਟੀਦੇ ਤੇ ਭੇਟ ਸਕੀਦੇ ਹਨ। ਗੁਰ ਸਤਿਗੁਰ ਦ੍ਰਿੜ੍ਹਾਏ ਨਾਮ ਨਿਧਾਨ ਦੇ ਪ੍ਰਤਾਪ ਕਰ ਹੀ ਇਹ ਸੱਚਾ ਸੁਖ-ਦਰਸ਼ਨੀ ਆਨੰਦ ਨਸੀਬ ਹੁੰਦਾ ਹੈ ਅਤੇ ਸਚਖੰਡ ਦੇ ਪਰਤੱਖ ਦਰਸ਼ਨਾਂ ਦੀ ਸਮਾਈ ਹੁੰਦੀ ਹੈ। ਸਚਖੰਡ ਐਸਾ ਸੁਭਾਇਮਾਨ ਸੱਚਾ ਥਾਨ ਹੈ, ਜਿਥੇ ਸਦਾ ਹੀ ਜੈ ਜੈਕਾਰ ਆਨੰਦ ਮੰਗਲ ਦੀਆਂ ਧੁਨੀਆਂ ਧੁਨਤ ਲਲਤ ਲੀਲ੍ਹਾ ਵਿਚ ਬਿਸਮਤ ਹੋਈਆਂ ਸੁਣਾਈ ਦਿੰਦੀਆਂ ਹਨ। ਯਥਾ ਗੁਰਵਾਕ—

ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ ॥
ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥ ੧ ॥ ਰਹਾਉ ॥
ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥
ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥੧॥
ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥
ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥੨॥
ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ ॥
ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥੩॥
ਜੈ ਜੈਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ ॥
ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ ॥੪॥੩੩॥੬੩॥

[ਬਿਲਾਵਲ ਮਹਲਾ ੫ ਪੰਨਾ ੮੧੬-੧੭

---

# ਇਕੋ ਅੰਮ੍ਰਿਤ-ਦਾਤ ਨੇ ਪਲਟੀ ਹਿੰਦ ਤਕਦੀਰ

[ਵਲੋਂ—ਮਾ: ਮਾਘ ਸਿੰਘ ਜੀ 'ਪਿਆਰ' ਬੈਂਕੋਕ]

ਗੂੰਜ ਪਈ ਰਣਜੀਤ ਦੀ, ਚਮਕੀ ਜਦ ਸ਼ਮਸ਼ੀਰ,
ਕੇਸਗੜ੍ਹ ਟਕਸਾਲ ਤੇ, ਘੜੀ ਕੌਮ ਤਕਦੀਰ।
ਖੰਡੇ ਤਿਖੀ ਧਾਰ ਚੋਂ, ਨਿਕਲਿਆ ਅੰਮ੍ਰਿਤ-ਨੀਰ,
ਮੇਲੇ ਗੁਰੂ ਗੋਬਿੰਦ ਸਿੰਘ, ਜੁਗਾਂ ਦੇ ਵਿਛੜੇ ਵੀਰ।
ਇਸ ਏਕੇ ਨੂੰ ਤੱਕ ਕੇ, ਜ਼ਾਲਮ ਹੋਏ ਅਧੀਰ,
ਜ਼ੁਲਮ ਕਮਾਨਾਂ ਟੁਟੀਆਂ, ਰੁਕ ਗਏ ਚਲਦੇ ਤੀਰ।

ਸਾਨੂੰ ਕਦੇ ਨ ਭੁਲਦੇ ਰਤੇ ਸਰਸਾ ਨੀਰ,
ਸੂਰਜ ਚੰਦ ਗਵਾਹ ਨੇ ਡਿਠੀ ਜਿਨ ਤਸਵੀਰ।
ਪੰਥ ਦੀ ਨੀਹੀਂ ਚਿਣੇ ਦੋ ਮਸੂਮ ਸੂਰਬੀਰ,
ਖੜੇ ਨੇ ਦੋ ਚਮਕੌਰ ਤੇ, ਅਮਨ ਦੇ ਹੋ ਸਫੀਰ।
ਜੇਕਰ ਧਰਤੀ ਪੁਟੀਏ, ਅਬਚਲ ਤਾਈਂ ਅਖ਼ੀਰ,
ਥਾਂ ਥਾਂ ਪਏ ਨੇ ਬੋਲਦੇ, ਸ਼ਹੀਦ ਸਿੰਘ ਬਲਬੀਰ।

ਉਨ ਮੋੜੇ ਮੂੰਹ ਮੁਹਾਣਿਆਂ, ਕਰ ਕੌਤਕ ਬੇਨਜ਼ੀਰ,
ਇਕ ਇਕ ਲਖੀਂ ਜੂਝਿਆ, ਦਲ ਪਾਪਾਂ ਦਿਤੇ ਚੀਰ।
ਧੰਨ ਸਤਿਗੁਰੂ ਗੋਬਿੰਦ ਸਿੰਘ, ਧੰਨ ਤੇਰੀ ਤਦਬੀਰ,
ਲ-ਇਲਾਜ ਬੀਮਾਰ ਨੂੰ ਦਿਤੀ ਦੁਆ ਅਕਸੀਰ।
ਇਕੋ ਅੰਮ੍ਰਿਤ-ਦਾਤ ਨੇ, ਪਲਟੀ ਹਿੰਦ ਤਕਦੀਰ,
'ਪਿਆਰ' ਇਸ ਦੇਸ਼ ਤੇ ਕੌਮ ਦਾ,
ਰਹਿ ਗਿਆ ਜਗ ਵਿਚ ਸੀਰ।

www.AKJ.Org

# ਸ੍ਰੀ ਗੁਰੂ ਗ੍ਰੰਥ—ਪੰਥ—ਖ਼ਾਲਸਾ

[ਭਾਈ ਸਾਹਿਬ ਰਾਮ ਸਿੰਘ ਜੀ ਸੁਕੈਡਰਨ ਲੀਡਰ]

(੧) ਹੇਠ ਲਿਖੇ ਤੱਥਾਂ ਨੂੰ ਗਹੁ ਨਾਲ ਵੀਚਾਰਿਆਂ ਇਕ ਇਲਾਹੀ ਅਲੌਕਿਕ ਭੇਦ ਖੁਲ੍ਹਦਾ ਹੈ, ਕਿ ਅਕਾਲ ਪੁਰਖ ਨੇ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਇਨ੍ਹਾਂ ਦੀ ਤਾਬਿਆ ਪੰਜਾਂ ਪਿਆਰਿਆਂ ਦੀ ਸਥਾਪਨਾ ਦਾ ਸੁਭ ਕਾਰਜ, ਧੁਰ-ਧਰੰਦਰੀ ਮਿਥੇ ਪ੍ਰੋਗਰਾਮ ਅਨੁਸਾਰ, ਕਲਜੁਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਪਾਸੋਂ ਅਰੰਭ ਕਰਵਾ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ ਸੰਪੂਰਨ ਕਰਵਾਇਆ।

ੳ) ਪਹਿਲਾ ਕਦਮ—ਅਕਾਲ ਪੁਰਖ ਆਪਣੇ ਗਿਣੇ-ਮਿਥੇ ਪ੍ਰੋਗਰਾਮ ਦੀ ਪੂਰਤੀ ਲਈ (ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਜਓ—੧੩੯੫) ਉਹ ਆਪ ਕਲਾ ਧਾਰ ਕੇ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਪਰਗਟ ਹੋਏ। ਗੁਰੂ ਨਾਨਕ ਸਾਹਿਬ ਜੀ ਨੇ ਭੁੱਲੀ ਭਟਕੀ ਮਨੁੱਖ ਜਾਤੀ ਨੂੰ ਹਰੀ ਦੇ ਮਾਰਗ ਉਤੇ ਲਿਆਉਣ ਲਈ ਅਨੇਕਾਂ ਕੌਤਕ ਰਚਦਿਆਂ ਹੋਇਆਂ ਗੁਰਬਾਣੀ ਉਚਾਰਨੀ ਅਰੰਭ ਕੀਤੀ ਅਤੇ ਕਾਇਆਂ ਪਲਟਦੇ ਹੋਏ ਚੌਥੇ ਜਾਮੇ ਵਿੱਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਰੂਪ ਵਿਚ ਸਸ਼ੋਭਤ ਹੋਏ।

ਅ) ਦੂਜਾ ਕਦਮ—ਕਿਉਂਕਿ ਆਉਣ ਵਾਲੇ ਸਮੇ ਵਿਚ ਤੱਤ ਖ਼ਾਲਸੇ ਦੀ ਸਾਜਨਾ ਖ਼ਾਤਰ ਬੇਅੰਤ ਸ਼ਹੀਦੀਆਂ ਹੋਣੀਆਂ ਸਨ। ਇਨ੍ਹਾਂ ਲਾਸਾਨੀ ਸ਼ਹੀਦੀਆਂ, ਹੋਰ ਅਕਹਿ ਤੇ ਅਸਹਿ ਦੁਖ ਸਹਾਰਨ ਦੇ ਪੂਰਨੇ ਗੁਰੂ ਘਰੋਂ ਹੀ ਅਰੰਭ ਹੋਣੇ ਸਨ ਇਸ ਲਈ ਬੀਬੀ ਭਾਨੀ ਜੀ ਨੇ ਗੁਰੂ ਸਾਹਿਬ ਜੀ ਅੱਗੇ ਇਹ ਬੇਨਤੀ ਕੀਤੀ ਕਿ "ਘਰ ਦੀ ਘਰ ਹੀ ਰਹੇ" (ਤਿਉ ਬੋਲੇ ਜਿਉ ਬੋਲਾਇਦਾ)। ਭਾਈ ਗੁਰਦਾਸ ਜੀ ਦੀ ਕਲਮ ਤੋਂ—"ਜਾਣਿ ਨਾ ਦੇਸਾਂ ਸੋਢੀਓਂ ਹੋਰਸਿ ਅਜਰੁ ਨ ਜਰਿਆ ਜਾਵੈ।੪੭।(੧)" ਇਸ ਬੇਨਤੀ ਨੂੰ ਪਰਵਾਨ ਕਰਨ ਨਾਲ ਗੁਰ-ਗੱਦੀ ਦੀ ਬਖਸ਼ਸ਼ ਗੁਰੂ ਰਾਮਦਾਸ ਜੀ ਨੇ ਆਪਣੇ ਘਰ ਤਕ ਹੀ ਸੀਮਤ ਕਰ ਦਿਤੀ।

ੲ) ਤੀਜਾ ਕਦਮ—ਪੰਜਵੇਂ ਜਾਮੇ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਾਰੀ ਰੱਬ-ਰਜਾਈ, ਰੱਬ-ਪਰਵਾਣੀ ਬਾਣੀ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸੰਚਤ ਕੀਤੀ ਅਤੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਮੰਜੀ ਸਾਹਿਬ ਉਤੇ ਕੀਤਾ। ਬਾਬਾ ਬੁੱਢਾ ਜੀ ਦੇ ਹੱਥ ਚੌਰ ਦੇ ਕੇ ਉਨ੍ਹਾਂ ਨੂੰ ਗ੍ਰੰਥ ਸਾਹਿਬ ਜੀ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। ਓਸੇ ਦਿਨ ਤੋਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣਾ ਆਸਣ ਭੁਇ (ਜ਼ਮੀਨ) ਤੇ ਕਰ ਲਿਆ।

ਸ) ਚੌਥਾ ਕਦਮ—ਛੇਵੇਂ ਜਾਮੇ ਵਿਚ ਸ੍ਰੀ ਗੁਰੁ ਹਰਿਗੋਬਿੰਦ ਸਾਹਿਬ ਜੀ ਨੇ ਗੁਰਬਾਣੀ ਦਾ ਸਤਿਕਾਰ, ਪਰਮ ਮਹੱਤਤਾ ਅਤੇ ਉੱਤਮਤਾ ਪਰਗਟਾਉਂਦਿਆਂ ਹੋਇਆਂ, ਇਕ-ਚਿਤ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਸੁਣਾਉਣ ਵਾਲੇ ਇਕ ਗੁਰਸਿੱਖ ਨੂੰ, ਗੁਰਗੱਦੀ ਹੀ ਬਖਸ਼ ਦੇਣ ਦਾ ਸੰਕਲਪ ਬਣਾ ਲਿਆ, ਪਰ ਗੁਰਸਿਖ ਨੇ ਆਪਣੇ ਮਨ ਵਿਚ ਘੋੜੀ ਦੀ ਹੀ ਮੰਗ ਦਾ ਸੰਕਲਪ ਬਣਾ ਲਿਆ, ਜੋ ਉਸ ਨੂੰ ਤੁਰਤ ਹੀ ਦਿਤੀ ਗਈ। ਇਸ ਕੌਤਕ ਰਾਹੀਂ ਸਤਿਗੁਰਾਂ ਨੇ ਗੁਰ-ਗੱਦੀ ਨੂੰ ਗੁਰਬਾਣੀ ਦੇ ਅਧੀਨ ਦਰਸਾਇਆ। ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਭੁਇ-ਆਸਣ ਕਰਨ ਵਾਲੀ ਮਿਸਾਲ ਭੀ ਇਹੋ ਪੱਖ ਪੂਰਦੀ ਹੈ।

ਹ) ਪੰਜਵਾਂ ਕਦਮ—ਇਕ ਵੇਰਾਂ ਸੰਗਤ ਕੀਰਤਨ ਕਰਦੀ ਹੋਈ ਗੁਰੂ ਹਰਿ ਰਾਏ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆ ਰਹੀ ਸੀ ਤਾਂ ਜੈਸੇ ਹੀ ਗੁਰੂ ਸਾਹਿਬ ਜੀ ਨੇ ਗੁਰਬਾਣੀ ਦੀ ਆਵਾਜ਼ ਸੁਣੀ, ਤੜੱਕ ਦੇਣੀ ਦੇ ਗੁਰੂ ਜੀ ਮੰਜੀਓਂ ਕਾਹਲੀ ਨਾਲ ਉੱਠੇ ਅਤੇ ਉੱਠ ਕੇ ਗੁਰਬਾਣੀ ਦੇ ਸਤਿਕਾਰ ਵਿਚ ਖਲੋ ਗਏ। ਇਸ ਨਾਲ ਉਨ੍ਹਾਂ ਦੇ ਗੋਡੇ ਉੱਤੇ ਸੱਟ ਭੀ ਲਗ ਗਈ। ਜਦ ਸਿੱਖਾਂ ਨੇ ਗੁਰੂ ਜੀ ਦੇ ਮੰਜੀਓਂ ਇਤਨੀ ਕਾਹਲੀ ਨਾਲ



www.AKJ.Org

ਉੱਠਣ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਫੁਰਮਾਇਆ ਕਿ ਠੀਕ ਢੰਗ ਨਾਲ ਮੰਜੀਓਂ ਉਤਰਨ ਵਿਚ ਜ਼ਿਆਦਾ ਦੇਰ ਲੱਗਣੀ ਸੀ ਅਤੇ ਗੁਰਬਾਣੀ ਦੇ ਸਤਿਕਾਰ ਵਿਚ ਫ਼ਰਕ ਪੈਂਦਾ ਸੀ, ਜੋ ਸਹਿਆ ਨਹੀਂ ਸੀ ਜਾ ਸਕਦਾ।

ਕ) ਛੇਵਾਂ ਕਦਮ–ਦਸਵੇਂ ਜਾਮੇ ਵਿਚ ਕਲਗੀਧਰ ਪਾਤਸ਼ਾਹ ਜੀ ਨੇ, ਧਰਮ ਤੋਂ ਆਪਾ ਨਿਛਾਵਰ ਕਰਨ ਵਾਲੇ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਅੰਮ੍ਰਿਤ ਦੀ ਦਾਤਿ ਦੇ ਕੇ, ਗੁਰਦੀਖਿਅਤ ਕਰਨ ਦੀ ਜੁਗਤੀ, ਜੋ ਗੁਰੂ-ਨਾਨਕ ਜੋਤਿ ਦੀ ਆਪਣੀ ਵੱਥ ਅਤੇ ਆਪਣੇ ਹੱਥ ਸੀ, ਖਾਲਸਾ ਜੀ ਨੂੰ (ਪੰਜਾਂ ਪਿਆਰਿਆਂ ਨੂੰ) ਬਖਸ਼ ਦਿੱਤੀ। "ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹੌਂ ਕਰੌਂ ਨਿਵਾਸ।...ਖਾਲਸਾ ਮੇਰਾ ਸਤਿਗੁਰ ਪੂਰਾ" ਇਤਿ ਆਦਿ ਕਈ ਬਖਸ਼ਸ਼-ਭਰੇ ਹਰਿ-ਦਰਗਾਹੀ ਸੱਚੇ ਵਰ ਬਖਸ਼ੇ।

ਖ) ਸਤਵਾਂ ਕਦਮ–ਕਲਗੀਧਰ ਪਾਤਸ਼ਾਹ ਜੀ ਨੇ ਪੂਰੇ ਘਰ (ਸਾਰੇ ਸਰਬੰਸ) ਨੂੰ ਹੀ ਸ਼ਹੀਦੀ ਜਾਮ ਪਿਲਾ ਕੇ ਲੇਖੇ ਲਾ ਦਿਤਾ–ਦੋ ਸਾਹਿਬਜ਼ਾਦੇ ਨੀਹਾਂ ਵਿਚ ਅਤੇ ਦੋ ਸਾਹਿਬਜ਼ਾਦੇ ਜ਼ੁਲਮ ਦਾ ਟਾਕਰਾ ਕਰਦੇ ਹੋਏ ਰਣ-ਤੱਤੇ ਵਿਚ। ਇਸ ਨਾਲ 'ਘਰ ਵਿਚ' ਗੁਰ ਗੱਦੀ ਦਾ ਵਾਰਸ ਹੀ ਕੋਈ ਨ ਰਿਹਾ। ਘਰੋਂ ਬਾਹਰ ਗੁਰ-ਗੱਦੀ ਦਾ ਜਾਣਾ ਪੰਜਵੇਂ ਜਾਮੇ ਤੋਂ ਹੀ ਪੱਕਾ ਬੰਦ ਹੋ ਚੁਕਾ ਸੀ ਅਤੇ ਹੁਣ 'ਘਰ' ਵੀ ਸਮਾਪਤ ਹੋ ਗਿਆ।

ਗ) ਅਠਵਾਂ ਕਦਮ–ਕਲਗੀਧਰ ਪਾਤਸ਼ਾਹ ਜੀ ਨੇ ਗ੍ਰੰਥ ਸਾਹਿਬ ਵਿਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਚਾੜ੍ਹ ਕੇ ਇਨ੍ਹਾਂ ਨੂੰ ਮੱਥਾ ਟੇਕ ਕੇ "ਗੁਰੂ ਗ੍ਰੰਥ ਸਾਹਿਬ ਜੀ" ਕਹਿ ਕੇ ਸੰਬੋਧਨ ਕੀਤਾ। ਭਾਵ, ਗੁਰ-ਗੱਦੀ ਉੱਤੇ 'ਗ੍ਰੰਥ ਸਾਹਿਬ' ਜੀ ਨੂੰ ਸਥਾਪਨ ਕਰ ਦਿੱਤਾ ਅਤੇ ਖਾਲਸਾ ਜੀ ਨੂੰ ਇਨ੍ਹਾਂ ਦੀ ਚਰਨੀਂ ਲਾ ਕੇ ਆਪ ਜੋਤੀ ਜੋਤਿ ਸਮਾ ਗਏ।

(੨) ਇਸ ਰੱਬੀ ਵਰਤਾਰੇ ਨਾਲ, ਇਨਸਾਨੀ ਜਾਮੇ ਵਿਚ ਗੁਰੂ ਦੀ ਭਾਲ ਕਰਨ ਦੇ ਸਿਲਸਿਲੇ ਨੂੰ ਹਮੇਸ਼ਾ ਲਈ ਪੱਕੇ ਤੌਰ ਤੇ ਖ਼ਤਮ ਕਰ ਦਿੱਤਾ ਗਿਆ। ਇਸ ਦਾ ਭਾਵ ਇਹ ਹੋਇਆ ਕਿ ਕਲਗੀਧਰ ਪਾਤਸ਼ਾਹ ਜੀ ਪਿਛੋਂ ਅਕਾਲ ਪੁਰਖ ਜੀ ਆਪ ਹੀ (ਵਾਹੁ ਵਾਹੁ ਬਾਣੀ ਨਿਰੰਕਾਰ ਹੈ–੫੧੫) ਗੁਰ ਗੱਦੀ ਤੇ ਬੈਠ ਗਏ। "ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥੧੪–੧੦੩੯॥"

੩) ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਤੋਂ ਗੁਰ-ਗੱਦੀ ਦੀ ਬਖਸ਼ਸ਼ ਘਰ ਤੋਂ ਬਾਹਰ ਯੋਗ ਅਤੇ ਗੁਰੂ-ਪਰਵਾਨੇ ਗੁਰਸਿੱਖਾਂ ਨੂੰ ਹੁੰਦੀ ਆਈ ਸੀ। ਪੰਜਵੇਂ ਜਾਮੇ ਤੋਂ ਗੁਰ-ਗੱਦੀ ਦੀ ਬਖਸ਼ਸ਼ ਕਰਨ ਲਈ ਯੋਗ ਵਿਅਕਤੀ ਦੀ ਭਾਲ ਦੇ ਫੈਲਾਉ ਨੂੰ ਸੰਕੋਚ ਕੇ "ਗੁਰੂ ਘਰ" ਤੱਕ ਹੀ ਸੀਮਤ ਕਰ ਦਿੱਤਾ। ਅਤੇ ਦਸਵੇਂ ਜਾਮੇ ਵਿਚ ਸਮੁੱਚੇ "ਗੁਰੂ ਘਰ" ਨੂੰ (ਗੁਰ ਗੱਦੀ ਦੇ ਸਭ ਵਾਰਸਾਂ ਨੂੰ) ਜਾਮੇ-ਸ਼ਹੀਦੀ ਪਿਲਾ ਕੇ ਸਮਾਪਤ ਕਰ ਦਿੱਤਾ। ਹੁਣ ਗੁਰ-ਗੱਦੀ ਜਾਵੇ ਕਿੱਥੇ ? ਉਹ ਨਿਰੰਕਾਰ, ਜੋ ਦਸ ਗੁਰੂ ਜਾਮਿਆਂ ਰਾਹੀਂ ਗੁਰਬਾਣੀ ਦੇ ਰੂਪ ਵਿਚ ਪਰਗਟ ਹੋਇਆ, ਅਤੇ ਜੋ "ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ–੧੮–੫੧੫" ਕਹਿਲਾਇਆ, ਆਪ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਜੁਗੋ ਜੁਗ ਅਟੱਲ ਹੋ ਕੇ ਗੁਰ ਗੱਦੀ ਤੇ ਬੈਠ ਗਿਆ। "ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ੨–੧੨੯੧ ॥ ਯਥਾ : "ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ ॥੧੦–੧੦੨੨॥"

੪) ਇਸ ਵਰਤਾਰੇ ਨਾਲ ਗੁਰੂ ਸਾਹਿਬ ਜੀ ਨੇ ਦੇਹਧਾਰੀ ਗੁਰਤਾ-ਪਨ ਨੂੰ ਹਮੇਸ਼ਾ ਲਈ ਸਮਾਪਤ ਕਰ ਦਿਤਾ। ਇਸ ਲਈ, ਇਸ ਵਰਤਾਰੇ ਪਿੱਛੋਂ ਸਿੱਖਾਂ ਵਿਚ ਕਿਸੇ ਅਲਪੱਗ ਦੇਹ-ਧਾਰੀ ਲਈ ਗੁਰੂ ਬਣ ਬੈਠਣਾ ਉਸ ਦੀ ਹਮਾਕਤ ਹੈ। ਅਜਿਹੇ ਖ਼ੁਦ-ਸਾਖ਼ਤਾ ਗੁਰੂਆਂ ਤੋਂ ਸਾਵਧਾਨ ਰਹਿਣ ਅਤੇ ਹੋਰਨਾਂ ਨੂੰ ਸਾਵਧਾਨ ਕਰਨ ਦੀ ਲੋੜ ਹੈ।

੫) ਪੰਚ ਪਰਵਾਨੇ ਗੁਰਭਾਈਆਂ, (ਪੰਜਾਂ ਪਿਆਰਿਆਂ) ਜਿਨ੍ਹਾਂ ਦੀ ਸਾਜਨਾ ਕਲਗੀਧਰ ਪਾਤਸ਼ਾਹ ਜੀ ਨੇ ਕੀਤੀ,



www.AKJ.Org

ਦਾ ਜ਼ਿਕਰ, ਉਨ੍ਹਾਂ ਦੀ ਮਹੱਤਤਾ, ਉਨ੍ਹਾਂ ਦਾ ਉੱਚ ਦਰਜਾ ਅਤੇ ਉਨ੍ਹਾਂ ਦਾ ਗੁਰਸਿਖੀ ਦਾ ਤੋਰਾ ਤੋਰੀ ਰਖਣ ਦਾ ਫਰਜ਼ ਗੁਰਬਾਣੀ ਅੰਦਰ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਦਰਸਾਇਆ ਜਾਣਾ ਸ਼ੁਰੂ ਹੋ ਗਿਆ। ਭਾਵ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਅਤੇ ਪੰਜਾਂ ਪਿਆਰਿਆਂ ਦੀ ਨਿਯੁਕਤੀ (Institution) ਦਾ ਜ਼ਿਕਰ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਆਰੰਭ ਹੋ ਗਿਆ ਸੀ। ਗੁਰਸਿੱਖੀ ਮਾਰਗ ਬਾਰੇ ਸੋਝੀ ਪਾਉਣ ਨੂੰ, ਤੱਤ ਗੁਰਸਿਖੀ ਤੇ ਚੱਲਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਤਾਬਿਆ ਵਿਚ ਸੋਧ-ਸੁਧਾਈ ਪਿਛੋਂ ਪਰਵਾਨ ਹੋਏ ਪੰਜ ਪਿਆਰਿਆਂ ਨੂੰ ਹੀ ਸਮਰੱਥਾ ਬਖਸ਼ੀ ਹੋਈ ਹੈ। ਇਸ ਲਈ ਪੰਜਾਂ ਪਿਆਰਿਆਂ ਦੀ ਨਿਯੁਕਤੀ (Institution) ਗੁਰਸਿਖੀ ਨੂੰ ਹਮੇਸ਼ਾ ਸੁਰਜੀਤ ਰੱਖਣ ਲਈ ਚੋਟੀ ਦੇ ਦਰਜੇ ਦੀ ਮਹੱਤਤਾ ਰੱਖਦਾ ਹੈ। ਗੁਰਬਾਣੀ ਅੰਦਰ ਇਸ ਨਿਯੁਕਤੀ ਦਾ ਕੇਵਲ ਹਵਾਲਾ ਹੀ ਨਹੀਂ ਸਗੋਂ ਇਸ ਦੀ ਵਡਿਆਈ ਅਤੇ ਇਸ ਦੇ ਜ਼ਿਮੇ ਲਗਾਏ ਜਾਣ ਵਾਲੇ ਪਰਉਪਕਾਰ ਦਾ ਵਿਸ਼ੇਸ਼ ਤੌਰ ਤੇ ਵਰਨਣ ਹੈ, ਜੋ ਇਸ ਪ੍ਰਕਾਰ ਹੈ :–

ੳ) ਗੁਰੂ ਨਾਨਕ ਸਾਹਿਬ ਜੀ ਨੇ ਪੰਜਾਂ ਪਿਆਰਿਆਂ ਦਾ ਜ਼ਿਕਰ ਇਸ ਪਰਕਾਰ ਕੀਤਾ ਹੈ :–

ਪੰਚ੍ਰਪਰਵਾਣ੍ਰਪੰਚ੍ਰਪਰਧਾਨੁ ॥ ਪੰਚੇ੍ਰਪਾਵਹਿ੍ਰਦਰਗਹਿ੍ਰਮਾਨੁ ॥
ਪੰਚੇ੍ਰਸੋਹਹਿ੍ਰਦਰਿ੍ਰਰਾਜਾਨੁ ॥ ਪੰਚਾ੍ਰਕਾ੍ਰਗੁਰੁ੍ਰਏਕੁ੍ਰਧਿਆਨੁ ॥ [ਪੰਨਾ ੩

ਭਾਵ ਕਿ, ਏਕ-ਗੁਰ-ਧਿਆਨੀਏ (ਗੁਰ-ਦੀਖਿਅਤ ਹੋਏ ਹੋਏ) **ਪੰਚ** ਜਨ (ਪੰਜ ਪਿਆਰੇ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੋਧ-ਸੁਧਾਈ ਪਿਛੋਂ **ਪਰਵਾਣ** ਹੋਏ ਹੋਏ, ਅੰਮ੍ਰਿਤ-ਸਿੰਚਾਰ ਮੰਡਲ ਦੇ **ਪਰਧਾਨ** ਹਨ। ਅਤੇ ਉਨ੍ਹਾਂ ਦੀ ਇਹ ਸੇਵਾ ਹਰਿ **ਦਰਗਹਿ** ਸੋਭਾ ਸੇਤੀ ਪਰਵਾਨ ਹੈ ਅਤੇ **ਸੋਂਹਦੀ** ਹੈ। ਇਨ੍ਹਾਂ ਪੰਚਾਂ ਨੂੰ ਅਕਾਲ ਪੁਰਖ ਦੀ (ਦਰਗਹਿ) **ਦਰਗਾਹ ਵਿਚ ਮਾਣ** ਪ੍ਰਾਪਤ ਹੈ। ਇਹ ਨਿਰ-ਪੱਖ ਮਰਜੀਵੜੇ–ਗੁਰਸਿਖ ਹਨ।

ਅ) ਇਨ੍ਹਾਂ ਪੰਜਾਂ ਪਿਆਰਿਆਂ ਦਾ ਗੁਰੂ ਨਾਨਕ ਸਾਹਿਬ ਜੀ "**ਗੁਰਮਤਿ੍ਰਪੰਚ੍ਰਸਖੇ੍ਰਗੁਰ੍ਰਭਾਈ**–੧੨–੧੦੪੧" ਕਹਿ ਕੇ ਹਵਾਲਾ ਦੇਂਦੇ ਹਨ, ਕਿ ਇਹ ਪੰਜੇ ਗੁਰ-ਦੀਖਿਅਤ ਜਨ ਸਖੇ (ਸਕੇ ਯਾ ਸਗੇ) ਗੁਰ-ਭਾਈ ਹਨ ਅਤੇ ਪੂਰਨ ਗੁਰਮਤਿ ਅਨੁਸਾਰ ਜੀਵਨੀ ਜੀਊਂਦੇ ਹਨ। ਇਨ੍ਹਾਂ ਗੁਰ-ਭਾਈਆਂ ਨਾਲੋਂ ਇਨ੍ਹਾਂ ਦਾ ਹੋਰ ਕੋਈ ਜ਼ਿਆਦਾ ਸਖਾ-ਸਹੋਦਰ ਨਹੀਂ ਹੈ। 'ਸਖੇ' ਸ਼ਬਦ ਵਰਤਣ ਦਾ ਇਹ ਭਾਵ ਹੈ ਕਿ ਇਨ੍ਹਾਂ ਪੰਚਾਂ ਵਿਚ ਇਕ-ਮਾਤਾ-ਪਿਤਾ-ਜਾਇਆਂ ਦੀ ਸਮਾਨਤਾ ਹੈ। ਇਨ੍ਹਾਂ ਵਿਚ ਜਾਤ ਪਾਤ, ਊਚ ਨੀਚ, ਅਮੀਰ ਗਰੀਬ, ਵਡਾ ਛੋਟਾ, ਆਦਿ ਦਾ ਕੋਈ ਵਿਤਕਰਾ ਨਹੀਂ ਹੈ।

ੲ) ਗੁਰੂ ਨਾਨਕ ਸਾਹਿਬ ਜੀ ਇਨ੍ਹਾਂ ਪੰਜਾਂ ਦੀ ਅਗਵਾਊਂ ਉਸਤਤ ਕਰਦੇ ਹੋਏ, ਇਨ੍ਹਾਂ ਦੀ ਅਵਸਥਾ ਅਤੇ ਇਨ੍ਹਾਂ ਦੇ ਜ਼ਿਮੇ ਲਗਾਈ ਗਈ ਗੁਰ-ਸ਼ਬਦ ਦੀ ਬਖਸ਼ਸ਼ ਕਰਨ ਦੀ ਸੇਵਾ ਦਾ ਜ਼ਿਕਰ ਕਰਦੇ ਹੋਏ ਅਤੇ ਇਸ ਮਰਯਾਦਾ (Institution) ਤੋਂ ਬਲਿਹਾਰਨੇ ਜਾਂਦੇ ਹੋਏ ਫੁਰਮਾਉਂਦੇ ਹਨ–"ਮਨ੍ਰਮਹਿ੍ਰਜੋਤਿ੍ਰਜੋਤਿ੍ਰਮਹਿ ਮਨੂਆ੍ਰਪੰਚ੍ਰਮਿਲੇ੍ਰਗੁਰ੍ਰਭਾਈ॥ ਨਾਨਕ੍ਰਤਿਨ੍ਰਕੈ੍ਰਸਦ੍ਰਬਲਿਹਾਰੀ੍ਰਜਿਨ੍ਰਏਕ੍ਰਸਬਦਿ੍ਰਲਿਵ੍ਰਲਾਈ" ॥੪॥੯॥ ੪੭੯ ਪੰਨਾ

ਸ) ਗੁਰੂ ਰਾਮਦਾਸ ਸਾਹਿਬ ਜੀ ਅਗਵਾਊਂ ਹੀ ਸੰਸਾਰੀ ਜੀਵ ਵਲੋਂ ਹਰੀ ਦੇ ਮਿਲਾਪ ਖ਼ਾਤਰ ਪੰਜਾਂ ਪਿਆਰਿਆਂ ਪਾਸ ਗੁਰ-ਮੰਤ੍ਰ ਰੂਪੀ ਨਾਮ ਦੇ ਉਪਦੇਸ਼ ਦੀ ਦਾਤਿ ਦੀ ਪ੍ਰਾਪਤੀ ਹਿਤ ਬੇਨਤੀ ਕਰਦੇ ਹੋਏ ਫੁਰਮਾਉਂਦੇ ਹਨ– "ਮੇਰੇ੍ਰਪ੍ਰਾਨ੍ਰਸਖਾ੍ਰਗੁਰ੍ਰਕੇ੍ਰਸਿਖ੍ਰਭਾਈ੍ਰਮੋ੍ਰਕਉ੍ਰਕਰਹੁ੍ਰਉਪਦੇਸੁ੍ਰਹਰਿ੍ਰਮਿਲੈ੍ਰਮਿਲਾਇਆ ॥" ੪੯੩-੯੪

ਹ) ਹੋਰ ਵੇਖੋ, ਜਗਤ ਦੇ ਜੀਵਾਂ ਦਾ ਨਿਸਤਾਰਾ ਕਰਨ ਹਿਤ ਉਨ੍ਹਾਂ ਨੂੰ ਨਾਮ ਸੁਣਾਉਣਾ, ਨਾਮ ਦ੍ਰਿੜ੍ਹ ਕਰਾਉਣਾ ਅਤੇ ਇਹ ਉਪਦੇਸ਼ ਰੂਪੀ ਪਰਉਪਕਾਰ ਕਰਨਾ, ਪੰਜਾਂ ਪਿਆਰਿਆਂ ਨੂੰ ਹਰਿ ਦਰਗਹਿ ਧੰਨਤਾ ਯੋਗ



www.AKJ.Org

ਬਣਾਉਂਦਾ ਹੈ। ਯਥਾ:—"ਸਤ ਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥ ਓਇ ਪੁਰਖ ਪ੍ਰਾਣੀ ਧੰਨਿ ਜਨ ਹਰਿ ਉਪਦੇਸੁ ਕਰਹਿ ਪਰਉਪਕਾਰਿਆ ॥ ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ—੩੧੧॥" ਵਾਹਿਗੁਰੂ !!!

ਕ) ਇਸ ਪ੍ਰਕਾਰ ਅਨੇਕਾਂ ਥਾਈਂ ਗੁਰਬਾਣੀ ਅੰਦਰ ਪੰਚਾਂ ਅਤੇ ਪੰਚਾਂ ਦੀ ਸੇਵਾ ਦਾ ਇਲਾਹੀ ਜ਼ਿਕਰ ਆਉਂਦਾ ਹੈ। ਉਪਰ ਕੁਝ ਕੁ ਹਵਾਲੇ ਟੂਕ ਮਾਤਰ ਦਿਤੇ ਹਨ, ਤਾਂ ਜੁ ਪਾਠਕ ਜਨਾਂ ਨੂੰ ਯਕੀਨ ਆ ਜਾਏ ਕਿ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੀ ਮਾਲਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰ-ਸਿਖ ਸਜਾਉਣ ਦੀ ਸੇਵਾ ਕੇਵਲ ਪੰਜਾਂ ਪਿਆਰਿਆਂ ਨੂੰ ਹੀ ਰੱਬੋਂ ਬਖਸ਼ੀ ਹੋਈ ਹੈ। ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਨੇ ਗੁਰਬਾਣੀ ਰਾਹੀਂ ਅਕਾਲ ਪੁਰਖੁ ਨੂੰ ਭਾਉਂਦੀਆਂ ਬਾਤਾਂ ਹੀ ਸਾਨੂੰ ਸੁਣਾਈਆਂ ਹਨ। ਯਥਾ:—"ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ—੩੦੩॥"... "ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆਂ ਬਾਤਾ ਆਖਿ ਸੁਣਾਏ ॥" ੧॥੧੫॥—੩੦੮

ਖ) ਇਨ੍ਹਾਂ "**ਹਰਿ ਬਾਤਾਂ**" ਉੱਤੇ ਹਰਿ ਕੀ ਮੋਹਰ ਲਗਾਉਂਦੇ ਹੋਏ, ਕਲਗੀਧਰ ਪਾਤਸ਼ਾਹ ਜੀ ਸਰਬ ਸ਼ੰਕੇ ਨਿਵਿਰਤੀ ਐਲਾਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ "ਖਾਲਸ਼ਾ ਮੇਰਾ ਸਤਿਗੁਰ ਪੂਰਾ।" ਇਸ ਸ੍ਰੀ ਮੁਖਵਾਕ ਦਾ ਗੁਹਜ ਇਸ਼ਾਰਾ ਪੰਜਾਂ ਪਿਆਰਿਆਂ ਵਲ ਖਾਸ ਕਰਕੇ ਹੈ। ਤਾਹੀਓਂ ਹੀ ਪੰਥ ਵਿਚ ਇਨ੍ਹਾਂ ਨੂੰ "ਗੁਰੂ ਰੂਪ ਪੰਜ ਪਿਆਰੇ" ਕਹਿ ਕੇ ਸਤਿਕਾਰਿਆ ਜਾਂਦਾ ਹੈ।

ਗ) ਭਾਈ ਗੁਰਦਾਸ ਜੀ ਇਨ੍ਹਾਂ ਬਾਰੇ ਕਹਿੰਦੇ ਹਨ :—

ਸਨਮੁਖਿ ਮਿਲਿ ਪੰਚ ਆਖੀਅਨਿ, ਬਿਰਦ ਪੰਚ ਪਰਮੇਸੁਰੁ ਪਾਸੀ ॥
ਗੁਰਮੁਖਿ ਮਿਲਿ ਪਰਵਾਣ ਪੰਚ, ਸਾਧ ਸੰਗਤਿ ਸਚਖੰਡ ਬਿਲਾਸੀ ॥
ਗੁਰ ਦਰਸਨ ਗੁਰ ਸਬਦ ਹੈ, ਨਿਜ ਘਰਿ ਭਾਇ ਭਗਤਿ ਰਹਿਰਾਸੀ ॥
ਮਿਠਾ ਬੋਲਣੁ ਨਿਵ ਚਲਣੁ, ਖਟਿ ਖਵਾਲਣੁ ਆਸ ਨਿਰਾਸੀ ॥
ਸਦਾ ਸਹਿਜ ਬੈਰਾਗੁ ਹੈ, ਕਲੀ ਕਾਲ ਅੰਦਰਿ ਪਰਗਾਸੀ ॥
ਸਾਧ ਸੰਗਤਿ (ਭਾਵ : ਪੰਚਾਂ ਦੀ ਸੰਗਤਿ) ਮਿਲਿ ਬੰਦ ਖਲਾਸੀ ॥੧੭॥ (੩੯)

**ਵਾਹਿਗੁਰੂ** ! ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !

੬) ਇਸ ਤੋਂ ਸਿਧ ਹੈ ਕਿ ਪੰਚਾਂ ਦੀ ਸੇਵਾ ਅੰਮ੍ਰਿਤ ਦੇ ਬਾਟੇ ਰਾਹੀਂ ਸੰਸਾਰੀਆਂ ਨੂੰ ਹਰਿ ਮਾਰਗਿ ਪਾਉਣ (ਗੁਰ-ਦੀਖਿਅਤ ਕਰਨ) ਦੀ ਹੀ ਹੈ। ਇਹ ਸੇਵਾ ਸਭ ਤੋਂ ਉਤਮ ਹਰਿ ਦਰਗਹਿ-ਪਰਵਾਨੀ ਸੇਵਾ ਹੈ। ਜਿਤਨੀ ਇਹ ਸੇਵਾ ਉਤਮ ਅਤੇ ਲਾਭਦਾਇਕ ਹੈ ਉਤਨੀ ਹੀ ਇਹ ਕਠਨ ਭੀ ਹੈ। ਇਸ ਸੇਵਾ ਦੀ ਉਤਮਤਾ ਤਾਂ ਉਪਰ ਦਰਸਾਈਆਂ ਗੁਰਬਾਣੀ ਦੀਆਂ ਉਦਾਹਰਨਾਂ ਤੋਂ ਸਪੱਸ਼ਟ ਹੀ ਹੈ। ਇਹ ਸੇਵਾ ਕਠਨ ਇਸ ਲਈ ਹੈ ਕਿ ਪੰਚ ਜਨਾਂ ਨੂੰ ਅਵੱਸ਼ ਹੀ ਸਮੱਗਰ ਗੁਰਬਾਣੀ ਦੇ ਸਭ ਹੁਕਮਾਂ ਤੇ ਚੱਲਣਾ ਬਣ ਆਉਂਦਾ ਹੈ। ਇਹ ਸੇਵਾ ਨਿਰੀ ਪੁਰੀ ਅੰਮ੍ਰਿਤ ਅਭਿਲਾਖੀਆਂ ਨੂੰ ਹੀ ਉਪਦੇਸ਼ ਕਰਨ ਨਾਲ ਪੂਰੀ ਨਹੀਂ ਹੋ ਜਾਂਦੀ। ਕਠਨਾਈਆਂ (ਤੱਤ ਗੁਰਸਿਖੀ ਕਮਾਈਆਂ) ਇਸ ਪ੍ਰਕਾਰ ਹਨ [ਭਾਈ ਗੁਰਦਾਸ ਜੀ ਅਨੁਸਾਰ—ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ—੧੦ (੨੮)] ਇਸ਼ਨਾਨ ਕਰ ਕੇ ਨਾਮ ਜਪਦਿਆਂ, ਬਾਣੀ ਪੜ੍ਹਦਿਆਂ ਅਥਵਾ ਗਾਇਨ ਕਰਦਿਆਂ ਪੂਰਨ ਅੰਮ੍ਰਿਤ ਵੇਲੇ ਦੀ ਸੰਭਾਲ, ਹਰ ਵਕਤ ਸਾਸਿ ਗਿਰਾਸੀ ਨਾਮ ਸਿਮਰਨ, ਨਿਤਨੇਮ, ਧਰਮ ਦੀ ਕਿਰਤ ਵਿਰਤ ਦਾ ਵੰਡ ਛਕਣਾ, ਸੱਚ ਬੋਲਣਾ, ਪਰਉਪਕਾਰ ਕਰਨਾ, ਮਿੱਠਾ ਬੋਲਣਾ, **ਗੁਰਸਿਖਾਂ ਦੀ ਸੇਵਾ**, ਵੈਰ ਵਿਰੋਧ ਅਤੇ ਨਿੰਦਿਆ ਤੋਂ ਸੁਤੰਤਰ ਰਹਿਣਾ, ਆਪ-ਹੁਦਰਾ-ਪਨ ਤਿਆਗ ਕੇ ਗੁਰਸਿਖਾਂ ਨਾਲ ਮਿਲ ਕੇ ਰਹਿਣਾ, ਦੁਖ ਸੁਖ ਸਮਾਨ ਕਰ ਕੇ ਜਾਨਣਾ, ਜੀਅ-ਦਇਆ ਦਾ



www.AKJ.Org

ਅੰਗ ਪਾਲਣਾ, ਬੱਜਰ ਕੁਰਹਿਤਾਂ ਤੋਂ ਬਚ ਕ ਰਹਿਣਾ, ਪਹਿਰਾਵੇ ਦੀਆਂ ਪੰਜੇ ਸਿਖੀ ਰਹਿਤਾਂ ਨੂੰ ਸਿਰ-ਧਰ-ਤਲੀਵੱਤ ਤਤਪਰ ਹੋ ਕੇ ਪ੍ਰੇਮ ਅਤੇ ਸਤਿਕਾਰ ਸਹਿਤ ਜ਼ਿੰਦਗੀ ਭਰ ਨਿਭਾਉਣਾ (ਭਾਵ ਕਿ ਕਿਸੇ ਭੀ ਕਕਾਰ ਨੂੰ ਜਾਣ ਮਿਥ ਕੇ ਸਰੀਰ ਤੋਂ ਅਲੱਗ ਨਾ ਹੋਣ ਦੇਣਾ), ਪੰਜਾਂ ਤਸਕਰਾਂ ਨੂੰ ਕਾਬੂ ਵਿਚ ਰੱਖਣਾ, ਪੰਜਾਂ ਪਿਆਰਿਆਂ ਦੇ ਹੁਕਮ ਨੂੰ ਸਿਰ ਮੱਥੇ ਮੰਨਣਾ, ਚੁਧਰਮੇ ਅਤੇ ਜਥੇਦਾਰੀ ਦੀ ਹਉਮੈ ਤੋਂ ਬਚੇ ਰਹਿਣਾ, ਇਤਿ ਆਦਿ।—ਇਹ ਗੁਰਸਿਖ ਦਾ ਨਿਸ਼ਾਨਾ ਹੈ। ਇਹ ਅੱਖੋਂ ਪਰੋਖਾ ਨਹੀਂ ਹੋਣਾ ਚਾਹੀਦਾ। ਗੁਰਬਾਣੀ ਭੀ ਇਸ ਕਰੜਾਈ ਦੀ ਹਾਮਾ ਭਰਦੀ ਹੈ। ਯਥਾ—"ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥ ੧੬-੧੪੨੨॥' ਇਸ ਦੀਆਂ ਇਤਿਹਾਸ ਵਿਚ ਕਈ ਮਿਸਾਲਾਂ ਹਨ, ਪਰ ਮੋਟੀਆਂ ਦੋ ਇਹ ਹਨ:—ਗੁਰਿਆਈ ਦੀ ਬਖਸ਼ਸ਼ ਤੋਂ ਪਹਿਲੋਂ ਭਾਈ ਲਹਿਣਾ ਜੀ ਅਤੇ ਬਾਬਾ ਅਮਰਦਾਸ ਜੀ ਦੀਆਂ ਜੀਵਨੀਆਂ।

(੭) ਪੰਚਾਂ ਦੀ ਸੇਵਾ ਕਰਨ ਵਾਲਿਆਂ ਦਾ ਆਪਣਾ ਕਰਤੱਵ ਅਤੇ ਉਨ੍ਹਾਂ ਦੇ ਜ਼ਿਮੇ ਲਗਾਈ ਗਈ (ਉਪਦੇਸ਼ ਕਰਨ ਦੀ) ਸੇਵਾ ਨੂੰ ਇਕ ਪਧਰ ਤੇ ਰਖਦਿਆਂ ਹੋਇਆਂ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:—"ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ—੧੪੦॥" ਗੁਰਸਿਖ ਦੀ ਕਥਨੀ ਅਤੇ ਕਰਨੀ ਨੂੰ ਇੱਕ ਪੱਧਰ ਤੇ ਖੜਿਆਂ ਰੱਖੀ ਰੱਖਣ ਲਈ ਗੁਰੂ ਸਾਹਿਬ ਜੀ ਦਾ ਤਾੜਨਾ ਭਰਿਆ ਹੁਕਮ ਹੈ—"ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ—੨੬੯"।

ਇਸ ਹੁਕਮ ਦੀ ਸੇਧ ਵਿਚ ਪਰਚਾਰਕਾਂ, ਗਿਆਨੀਆਂ ਅਤੇ ਪੰਚਾਂ ਦੀ ਸੇਵਾ ਕਰਨ ਵਾਲਿਆਂ ਲਈ ਨਮੂਨੇ ਦੇ ਗੁਰਸਿਖ ਬਣ ਕੇ ਰਹਿਣਾ ਜ਼ਰੂਰੀ ਹੋ ਜਾਂਦਾ ਹੈ। ਚੰਗੇ ਜੀਵਨ ਵਾਲੇ ਗੁਰਸਿਖ ਭੀ ਅਕਸਰ ਪੰਚਾਂ ਦੀ ਸੇਵਾ ਕਰਨੋਂ ਕੰਨੀ ਕਤਰਾਉਂਦੇ ਦੇਖੇ ਗਏ ਹਨ ਕਿ ਮਤਾਂ ਆਪਣੀ ਕਿਸੇ ਢਿਲਿਆਈ ਕਾਰਨ ਕੋਈ ਦੰਡ ਹੀ ਨਾ ਸਹਿਣਾ ਪੈ ਜਾਏ। ਵੈਸੇ ਇਹ ਗੱਲ ਹੈ ਭੀ ਠੀਕ ਕਿ ਜ ਅਸੀਂ ਸਿਖੀ ਦੀ ਮਰਯਾਦਾ ਆਪ ਨਹੀਂ ਨਿਭਾਉਣੀ ਤਾਂ ਦੂਸਰਿਆਂ ਨੂੰ ਇਹ ਮਰਯਾਦਾ ਕਰੜਾਈ ਨਾਲ ਨਿਭਾਉਣ ਦਾ ਹੁਕਮ ਦੇਣ ਦਾ ਸਾਨੂੰ ਕੀ ਹੱਕ ਹੋ ਸਕਦਾ ਹੈ। ਸਿੱਖ-ਜੀਵਨੀ ਖੰਡੇ-ਧਾਰ ਗਲੀ ਅਤਿ-ਭੀੜੀ ਹੈ। ਇਸ ਦੀ ਕਰੜਾਈ ਵਿਚ ਹੀ ਸਿਖੀ ਜੀਵਨ ਦਾ ਆਤਮਕ ਅਨੰਦ ਹੈ।

(੮) ਅਜਿਹੇ ਪੰਚ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅੰਮ੍ਰਿਤ ਅਭਿਲਾਖੀ ਨੂੰ ਅੰਮ੍ਰਿਤ ਛਕਾ ਕੇ, ਉਸ ਦੇ ਮਸਤਕ ਤੇ ਹੱਥ ਰੱਖ ਕੇ ਉਸ ਨੂੰ ਗੁਰ-ਮੰਤ੍ਰ ਦ੍ਰਿੜ੍ਹਾਉਂਦੇ ਹਨ ਤਾਂ ਉਹ ਪ੍ਰਾਣੀ ਨਿਹਾਲੋ ਨਿਹਾਲ ਹੋ ਉਠਦਾ ਹੈ। ਗੁਰੂ ਸਾਹਿਬ ਅਜਿਹੇ ਨਵ-ਗੁਰਦੀਖਿਅਤ ਹੋਏ ਹੋਏ ਗੁਰਸਿਖ ਵਲੋਂ, ਉਸਦੀ ਨਿਰਮਾਣਤਾ ਅਤੇ ਮਨ ਦੀ ਅਨੰਦਤਾ ਦਰਸਾਉਂਦੇ ਹੋਏ ਫੁਰਮਾਉਂਦੇ ਹਨ: "ਸੰਤਹ ਚਰਨ ਮੋਰਲੋ ਮਾਥਾ ॥ ਹਮਰੇ ਮਸਤਕਿ ਸੰਤ ਧਰੇ ਹਾਥਾ ॥੧॥ ਸਾਧਹ ਮੰਤ੍ਰਿ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥ ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥੨॥—੧੨੦੬॥" ਤਥਾ "ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ—੬੦੮॥" (ਜਮਾਂ ਦਾ ਫਸਤਾ ਹੀ ਮੁੱਕ ਗਿਆ)। ਇਹ ਹੈ ਅਕਾਲੀ ਹੁਕਮ ਅੰਦਰਿ ਸਾਜੇ ਨਿਵਾਜੇ ਪੰਜਾਂ ਪਿਆਰਿਆਂ ਦੀ ਵਡਿਆਈ ਅਤੇ ਪਰਉਪਕਾਰ ਦੀ ਤਫ਼ਸੀਲ ਦੇ ਸਨਬੰਧ ਵਿਚ ਕੁਝਕੁ ਗੁਰ-ਦਰਸਾਏ ਹਵਾਲੇ।

(੯) ਅੰਮ੍ਰਿਤ-ਸੰਚਾਰ ਸਮਾਗਮ ਦੀ ਸਮਾਪਤੀ ਪਿਛੋਂ ਪੰਜਾਂ ਦੀ ਕਚਹਿਰੀ ਬਰਖ਼ਾਸਤ ਹੋ ਜਾਂਦੀ ਹੈ, ਅਤੇ ਉਨ੍ਹਾਂ ਸੇਵਾਦਾਰਾਂ ਦੀ ਹੈਸੀਅਤ, ਪਹਿਲੋਂ ਵਾਗ ਆਮ ਗੁਰਸਿਖਾਂ ਵਾਲੀ ਹੀ ਹੋ ਜਾਂਦੀ ਹੈ। ਪੰਚਾਂ ਦੀ ਇਲਾਹੀ ਬਰਕਤ ਦਾ ਸਨਬੰਧ ਅੰਮ੍ਰਿਤ-ਸੰਚਾਰ ਨਾਲ ਹੀ ਸੰਬੰਧਤ ਹੈ। ਪੰਚਾਂ ਦੀ ਸੇਵਾ ਗੁਰਸਿੱਖ ਹੀ ਕਰਦੇ ਆਏ ਹਨ ਅਤੇ ਗੁਰਸਿੱਖਾਂ ਨੇ ਹੀ ਕਰਨੀ ਹੈ। ਇਸ ਲਈ ਸਭ ਗੁਰਸਿੱਖਾਂ ਨੂੰ ਸਤਿਗੁਰਾਂ ਦੇ ਚਰਨਾਂ ਵਿਚ ਨਿਤਾ-ਪ੍ਰਤੀ ਅਰਦਾਸ ਕਰਨੀ ਚਾਹੀਦੀ ਹੈ ਕਿ ਸਤਿਗੁਰ ਜੀ ਕਿਰਪਾ ਕਰ ਕੇ ਸਾਨੂੰ ਨਿਤਾਣਿਆਂ, ਨਿਮਾਣਿਆਂ



www.AKJ.Org

ਅਤੇ ਮੂਰਖਾਂ ਨੂੰ ਗੁਰਬਾਣੀ ਦੀ ਸੋਝੀ ਬਖਸ਼ਣ ਅਤੇ ਗੁਰਬਾਣੀ ਅਨੁਸਾਰ ਸਾਨੂੰ ਜੀਵਨ ਬਖਸ਼ਣ, ਤਾਂ ਜੁ ਸਾਡੀ ਕਹਿਣੀ ਅਤੇ ਕਰਨੀ ਵਿਚ ਇਕਸਾਰਤਾ ਤੇ ਇਕ-ਸੁਰਤਾ ਹੋਵੇ। ਇਹ ਹੋਵੇਗਾ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਹੀ।

(੧੦) ਪੰਚਾਂ ਦੀ ਨਿਯੁਕਤੀ (Institution) ਦਾ ਸਤਿਕਾਰ ਅਤੇ ਮਹੱਤਤਾ ਕਾਇਮ ਰੱਖੀ ਰੱਖਣ ਲਈ ਇਹ ਜ਼ਰੂਰੀ ਬਣ ਆਉਂਦਾ ਹੈ ਕਿ ਪੰਜਾਂ ਪਿਆਰਿਆਂ ਦੇ ਜ਼ਿਮੇ ਸਿਵਾਏ ਅੰਮ੍ਰਿਤ ਛਕਾਉਣ ਤੋਂ ਹੋਰਨਾਂ ਮਸਲਿਆਂ ਦਾ ਝਮੇਲਾ ਨਾ ਪਾਇਆ ਜਾਵੇ।

(੧੧) ਗੁਰਬਾਣੀ ਤੋਂ ਇਹੋ ਸੇਧ ਮਿਲਦੀ ਹੈ ਕਿ ਪੰਜਾਂ ਪਿਆਰਿਆਂ ਦਾ ਸਨਬੰਧ ਕੇਵਲ ਪ੍ਰਾਣੀਆਂ ਨੂੰ ਗੁਰ-ਦੀਖਿਅਤ ਕਰਨ ਨਾਲ ਹੀ ਹੈ। ਹੋਰਨਾਂ ਮਸਲਿਆਂ ਦਾ ਹੱਲ ਸੰਬੰਧਤ ਸਿਆਣੇ ਗੁਰਸਿਖਾਂ (ਇਨ੍ਹਾਂ ਦੀ ਗਿਣਤੀ ਭਾਵੇਂ ਕਿਤਨੀ ਹੋਵੇ) ਦੇ ਪੇਸ਼ ਕਰਨਾ ਹੀ ਉਚਿਤ ਹੈ। ਘਰੋਗੀ, ਸਮਾਜੀ ਅਤੇ ਸਿਆਸੀ ਮਸਲੇ ਪੰਜਾਂ ਪਿਆਰਿਆਂ ਦੇ ਪੇਸ਼ ਨਹੀਂ ਕੀਤੇ ਜਾਣੇ ਚਾਹੀਦੇ।

(੧੨) ਇਹ ਬਾਤ ਖ਼ਾਸ ਖਿਆਲ ਰੱਖਣ ਯੋਗ ਹੈ ਕਿ ਪੰਚਾਂ ਦੀ ਉਤਮਤਾ, ਪਵਿੱਤਰਤਾ, ਚੋਟੀ ਦਾ ਇਖ਼ਲਾਕ ਅਤੇ ਗੁਰੂ-ਰੂਪਤਾ ਦਾ ਉੱਚਾ ਸੁੱਚਾ ਮਿਆਰ ਕਾਇਮ ਰੱਖਣ ਲਈ, ਕੋਈ ਅਜਿਹਾ ਸਿਖ ਜੋ ਅੰਮ੍ਰਿਤ ਛਕਣ ਪਿਛੋਂ ਪਰ ਤ੍ਰਿਆ-ਗਾਮੀ ਹੋਣ ਦੇ ਪਾਪ ਦਾ ਭਾਗੀ ਹੋ ਗਿਆ ਹੋਵੇ ਜਾਂ ਆਪਣੀ ਮਰਜ਼ੀ ਅਤੇ ਆਪਣੀ ਖੁਸ਼ੀ ਨਾਲ ਕੋਈ ਵੀ ਬੱਜਰ ਕੁਰਹਿਤ ਕਰ ਲਈ ਹੋਵੇ (ਭਾਵੇਂ ਉਸ ਨੇ ਫਿਰ ਪੇਸ਼ ਹੋ ਕੇ ਤਨਖਾਹ ਲਗਵਾ ਕੇ ਦੁਬਾਰਾ ਅੰਮ੍ਰਿਤ ਛਕ ਲਿਆ ਹੋਵੇ) ਪੰਚਾਂ ਦੀ ਸੇਵਾ ਵਿਚ ਨਹੀਂ ਲਿਆ ਜਾਣਾ ਚਾਹੀਦਾ। ਅਤੇ ਨਾ ਹੀ ਪੰਚਾਂ ਦੇ ਮੰਡਲ ਵਿਚ ਉਸ ਨੂੰ ਕੋਈ ਹੋਰ ਸੰਬੰਧਤ ਸੇਵਾ ਦਿੱਤੀ ਜਾਣੀ ਚਾਹੀਦੀ ਹੈ।

(੧੩) ਇਸ ਲੇਖ ਦਾ ਤੱਤਸਾਰ ਇਹ ਹੈ ਕਿ ਅਕਾਲ ਪੁਰਖ ਨੇ ਆਪ ਗੁਰੂ ਨਾਨਕ ਸਾਹਿਬ ਦੀ ਜੋਤਿ ਦੇ ਰੂਪ ਵਿਚ ਦਸ ਜਾਮਿਆਂ ਵਿਚ ਵਿਚਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚਵਰ ਤਖਤ ਦੇ ਮਾਲਕ ਬਣਾ ਕੇ ਜੁਗੋ ਜੁਗ ਅਟੱਲ ਗੁਰ ਗੱਦੀ ਬਖਸ਼ੀ ਅਤੇ ਸਭ ਸੰਸਾਰੀਆਂ ਨੂੰ ਰੱਬੀ ਮਿਲਾਪ ਦੇ ਰਸਤੇ ਤੇ ਪਾਉਣ ਲਈ ਪੰਜ ਪਿਆਰੇ ਕਾਇਮ ਕੀਤੇ। ਪੰਜ ਪਿਆਰੇ ਸਾਜ ਕੇ, ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤਿ ਬਖਸ਼ ਕੇ, ਸਭ ਤੋਂ ਪਹਿਲੋਂ ਕਲਗੀਧਰ ਪਾਤਸ਼ਾਹ ਜੀ ਨੇ ਆਪ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਸਿੰਘ (ਖਾਲਸਾ) ਅਖਵਾਇਆ। ਇਹ ਕੌਣ ਸਨ ਅੰਮ੍ਰਿਤ ਛਕਣ ਵਾਲੇ ? ਇਹ ਸਨ–"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ–੧੩੯੫" ਦਾ ਦਸਵਾਂ ਜਾਮਾ। ਇਹ ਸਨ "ਪਾਰਬ੍ਰਹਮ ਗੁਰ ਨਾਹੀ ਭੇਦ–੨੪-੧੧੪੨" ਆਪ। ਇਸ ਮਿਸਾਲ ਰਾਹੀਂ ਸਾਰੇ ਸੰਸਾਰ ਨੂੰ **ਡੰਕੇ ਦੀ ਚੋਟ ਨਾਲ ਦਰਸਾਇਆ ਗਿਆ ਕਿ ਅਕਾਲ ਪੁਰਖ ਦੇ ਮਿਲਾਪ ਦਾ ਇਕ ਹੀ ਮਾਰਗ** (ਗੁਰੂ ਨਾਨਕ-ਦਰਸਾਇਆ-ਮਾਰਗ, ਰੱਬ ਦਾ ਆਪਣਾ ਚਲਾਇਆ ਹੋਇਆ ਮਾਰਗ) **ਜੋ ਹੈ ਇਸ ਨੂੰ ਇਖ਼ਤਿਆਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਪੰਜਾਂ ਪਿਆਰਿਆਂ ਪਾਸੋਂ ਖੰਡੇ ਦਾ ਅੰਮ੍ਰਿਤ ਛਕ ਕੇ ਖਾਲਸਾ ਸਜਣ ਤੋਂ ਬਿਨਾ ਹੋਰ ਕੋਈ ਚਾਰਾ ਜਾਂ ਰਸਤਾ ਹੈ ਹੀ ਨਹੀਂ।** ਸ੍ਰੀ ਮੁਖਵਾਕ– 'ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ" (ਨਾਨਕ ਗੁਰੂ ਗੁਰੂ ਹੈ ਪੂਰਾ...੮੮੨)। 'ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ–੪੪।" ਹੋਰ ਕਿਸੇ ਨੂੰ ਵੀ ਰੱਬ ਦੀ ਦਰਗਾਹ ਵਿਚ ਢੋਈ ਨਹੀਂ ਮਿਲਣੀ। ਇਹ ਪੱਥਰ ਉਤੇ ਲੀਕ ਸਮਝੀ ਜਾਵੇ। ਇਹ "ਸਚ ਕੀ ਬਾਣੀ ਨਾਨਕੁ ਆਖੈ–੭੨੩" ਹੈ। ਇਹ "ਹਰਿ ਦਰ ਦੀਆ ਬਾਤਾਂ ਆਖਿ ਸੁਣਾਏ......੩੦੮" ਹੈ। ਅਤੇ ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰ-ਗੱਦੀ ਤੇ ਸਥਾਪਨ ਹੋਣ ਪਿਛੋਂ ਕਿਸੇ ਸੰਤ, ਮਹੰਤ, ਗਿਆਨੀ, ਧਿਆਨੀ, ਜੋਗੀ, ਸੰਨਿਆਸੀ, ਜਥੇਦਾਰ ਆਦਿ ਨੂੰ ਸਿਖੀ ਦਾ ਠੇਕੇਦਾਰ ਬਣ ਬੈਠਣ ਅਤੇ ਮਨ-ਆਈਆਂ ਕਰਨ ਦੀ ਮੂਰਖਤਾ ਭਰੀ ਹਮਾਕਤ ਕਰਨ ਦੀ ਲੋੜ ਹੈ। ਗੁਰ-ਸਿਖੀ ਦੇ ਮਾਰਗ



www.AKJ.Org

ਤੇ ਪਾਉਣ ਲਈ ਗੁਰਬਾਣੀ ਅਨੁਸਾਰ, ਜੀਵਨੀ ਵਾਲੇ ਪੰਜ ਪਿਆਰੇ ਹੀ ਸਮਰੱਥ ਹਨ, ਅਤੇ ਗੁਰਮਤਿ ਦੇ ਪੂਰੇ ਗਿਆਨ ਦੀ ਬਖਸ਼ਸ਼ ਕਰਨ ਲਈ, ਚਵਰ ਤਖ਼ਤ ਦੇ ਮਾਲਕ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਆਪ ਸਮਰੱਥ ਹਨ, ਜੋ ਸਭ ਸੰਸਾਰ ਦੇ ਸਾਂਝੇ ਹਨ। (ਉਪਦੇਸੁ ਚਹੁ ਵਰਨਾ ਕਉ ਸਾਝਾ—੭੪੭)

(੧੪) ਜੇ ਕਦੇ ਪੰਜਾਂ ਪਿਆਰਿਆਂ ਦੇ ਸਾਹਮਣੇ ਪੰਥ ਜਾਂ ਪੰਥ ਦੇ ਕਿਸੇ ਅੰਗ ਨੂੰ ਕੋਈ ਸਾਂਝਾ ਮਸਲਾ ਰੱਖਣਾ ਪੈ ਹੀ ਜਾਏ ਤਾਂ ਪੰਜਾਂ ਦੇ ਫੈਸਲੇ ਨੂੰ ਰੱਬ ਦਾ ਫੈਸਲਾ ਜਾਣ ਕੇ, ਸੰਬੰਧਤ ਧਿਰਾਂ ਨੂੰ, ਸਿਰ-ਧਰ-ਤਲੀ ਪੂਰਾ ਕਰਨਾ ਚਾਹੀਦਾ ਹੈ। ਏਥੇ ਫਿਰ ਦੁਹਰਾਇਆ ਜਾਂਦਾ ਹੈ ਕਿ ਪੰਚਾਂ ਦੀ ਸੇਵਾ ਕਰਨ ਵਾਲੇ ਗੁਰਸਿੱਖ ਨਿਰੋਲ ਧਰਮੀ ਜੀਊੜੇ ਹੋਵਣ। ਉਹ ਕਿਸੇ ਧੜੇ ਜਾਂ ਸੰਬੰਧਤ ਵਿਅਕਤੀ ਦਾ ਪੱਖ ਪੂਰਨ ਵਾਲੇ ਨਾ ਹੋਵਣ ਅਤੇ ਨਾ ਹੀ ਅਜਿਹਿਆਂ ਦੇ, ਮਾਇਆ ਜਾਂ ਕਿਸੇ ਹੋਰ ਪੱਖੋਂ ਅਧੀਨ ਹੋਵਣ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ॥

---

# ਗੁਰੂ ਕੀ ਮੋਹਰ

"ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ" ਦੇ ਸੇਵਕ ਹੇਠ ਲਿਖਿਆ ਬੇਨਤੀ-ਪੱਤਰ ਛਾਪ ਕੇ ਸਿਖ-ਸੰਗਤਾਂ ਅਤੇ ਨੌਜਵਾਨਾਂ ਵਿਚ ਗੁਰਸਿਖੀ-ਪਰਚਾਰ ਹਿਤ ਵੰਡ ਰਹੇ ਹਨ—

ਗੁਰ ਕੀ ਮੋਹਰ ਗੁਰ ਸਮ ਜਾਨੈ ॥ ਗੁਰ ਸਮ ਅਦਬ ਕੇਸ ਕਾ ਗਨੈ ॥

* ਗੁਰ-ਹੁਕਮਾਂ ਅਨੁਸਾਰ ਕਿਸੇ ਵੀ ਗੁਰੂ ਕੇ ਸਿੱਖ ਨੂੰ ਕੇਸਾਂ ਦੀ ਬੇਅਦਬੀ ਕਰਨ ਦਾ ਹੱਕ ਨਹੀਂ।
* ਗੁਰੂ ਕਾ ਸਿੱਖ ਦਾੜ੍ਹੀ ਮੁੱਛਾਂ ਆਦਿ ਗੁਰੂ ਕੀ ਮੋਹਰ ਸਮਝੇ ਅਤੇ ਕਦੀ ਵੀ ਇਨ੍ਹਾਂ ਦੀ ਬੇਅਦਬੀ ਨਾ ਕਰੇ।
* ਸਿੱਖ ਬੀਬੀਆਂ ਜੋ ਭਰਵੱਟੇ ਕੱਟਦੀਆਂ ਹਨ, ਉਹ ਪਤਿਤ ਕਰਮ ਕਰ ਕੇ ਘੋਰ ਪਾਪ ਦੀਆਂ ਭਾਗੀ ਹਨ।
* ਗੁਰੂ ਕੇ ਸਿੰਘ ਤੇ ਸਿੰਘਣੀਆਂ ਨੂੰ ਨੰਗੇ ਸਿਰ ਕਦੇ ਵੀ ਨਹੀਂ ਰਹਿਣਾ ਚਾਹੀਦਾ। ਦਸਤਾਰ ਸਿਰ ਤੇ ਰਖਣੀ ਗੁਰੂ-ਹੁਕਮ ਹੈ।
* ਨੌਜਵਾਨ ਬੱਚੇ ਜੂੜੇ ਤੇ ਰੁਮਾਲੀ ਵਲ੍ਹੇਟ ਕੇ ਬਜ਼ਾਰਾਂ ਵਿੱਚ ਤੁਰੇ ਫਿਰਦੇ ਹਨ, ਜੋ ਕਿ ਮਨਮਤਿ ਹੈ ਅਤੇ ਗੁਰੂ ਕੀ ਮੋਹਰ ਦੀ ਬੇਅਦਬੀ ਹੈ। ਗੁਰਸਿੱਖ ਮਾਪੇ ਏਧਰ ਉਚੇਚਾ ਧਿਆਨ ਦੇਣ।
* ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ "ਰਹਿਣੀ ਰਹੇ ਸੋਈ ਸਿੱਖ ਮੇਰਾ"। ਸਿੱਖੀ ਉੱਚੀ ਤੇ ਸੁਚੀ ਰਹਿਣੀ ਦਾ ਨਾਮ ਹੈ। ਇਸ ਰਹਿਣੀ ਦਾ ਇਕ ਪਵਿੱਤਰ ਅੰਗ 'ਕੇਸ' ਹਨ। ਸਦਾ ਵਾਹਿਗੁਰੂ ਅੱਗੇ ਅਰਦਾਸ ਕਰੀਏ ਕਿ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਉਣ ਦਾ ਬਲ ਬਖਸ਼ੇ।

ਗੁਰਸਿਖੀ ਦਾ ਮੰਨਣਾ, ਗੁਰ ਬਚਨੀ ਗਲਿ ਹਾਰ ਪਰੋਵੈ ॥
ਗੁਰਸਿਖੀ ਦਾ ਜੀਵਣਾ, ਜੀਵਦਿਆਂ ਮਰਿ ਹਉਮੈ ਖੋਵੈ ॥

—ਭਾਈ ਗੁਰਦਾਸ ਜੀ, ਵਾਰ ੨੮, ਪਉੜੀ ੯

---

# ਡਾਲੋ ਮਾਜਰਾ ਵਿਖੇ ਰੈਣ ਸਬਾਈ ਕੀਰਤਨ

੧੮ ਅਪ੍ਰੈਲ ਸ਼ਨੀਵਾਰ ਸਵੇਰ ਨੂੰ ਗੁਰਦਵਾਰਾ ਸਾਹਿਬ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਕੀਰਤਨ ਹੋਣਗੇ, ਸ਼ਾਮ ੪ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਅਖੰਡ ਕੀਰਤਨੀ ਜਥੇ ਸਮੂਹ ਇਲਾਕਿਆਂ ਤੋਂ ਪੁਜ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ। ਡਾਲੋ ਮਾਜਰਾ ਜੀ. ਟੀ. ਰੋਡ ਤੇ ਸਰਹਿੰਦ ਤੇ ਰਾਜਪੁਰੇ ਦੇ ਵਿਚਕਾਰ ਹੈ।

ਦਰਸ਼ਨ ਅਭਿਲਾਖੀ—ਸੰਗਤ ਪਿੰਡ ਡਾਲੋ ਮਾਜਰਾ



www.AKJ.Org

# ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਟ

[ਵਲੋਂ–ਭਾਈ ਕੁੰਭੇਰ ਸਿੰਘ ਜੀ, ਬਸਤੀ ਟੈਂਕਾਂ, ਫਿਰੋਜ਼ਪੁਰ]

ਗੁਰੂ ਨਾਨਕ ਆਗਮਨ ਤੋਂ ਪਹਿਲੇ ਕਈ ਰਹਿਬਰ, ਪੈਗੰਬਰ ਅਤੇ ਅਵਤਾਰ ਹੋ ਚੁਕੇ ਸਨ। ਇਨ੍ਹਾਂ ਦੇ ਕਈ ਮਤ ਵੀ ਹੋਂਦ ਵਿਚ ਆ ਚੁਕੇ ਸਨ। ਇਨ੍ਹਾਂ ਮਤਾਂ ਦੇ ਇਸ਼ਟ ਵੀ ਭਿੰਨ ਭਿੰਨ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ ਬਚਿੱਤ੍ਰ ਨਾਟਕ ਵਿਚ ਇਨ੍ਹਾਂ ਬਾਰੇ ਇਹ ਵਿਚਾਰ ਲਿਖੇ ਗਏ ਹਨ :–

ਜਿਨਿ ਜਿਨਿ ਤਨਿਕ ਸਿਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥੧੬॥
ਜੇ ਪ੍ਰਭੁ ਪਰਮ ਪੁਰਖ ਉਪਜਾਏ ॥ ਤਿਨ ਤਿਨ ਅਪਨੇ ਰਾਹ ਚਲਾਏ ॥੨੬॥
ਜੇ ਜੇ ਭਏ ਪਹਿਲ ਅਵਤਾਰਾ ॥ ਆਪੁ ਆਪੁ ਤਿਨ ਜਾਪੁ ਉਚਾਰਾ ॥੪੪॥
ਜੇ ਜੇ ਗਉਸ ਅੰਬੀਆ ਭਏ ॥ ਮੈ ਮੈ ਕਰਤ ਜਗਤ ਤੇ ਗਏ ॥
ਮਹਾਂ ਪੁਰਖ ਕਾਹੂ ਨ ਪਛਾਨਾ ॥ ਕਰਮ ਧਰਮ ਕੋ ਕਛੂ ਨ ਜਾਨਾ ॥੪੫॥

[ਬਚਿੱਤ੍ਰ ਨਾਟਕ, ਧਿਆਇ ੬

ਇਸ ਤਰ੍ਹਾਂ ਗੁਰੂ ਨਾਨਕ ਆਗਮਨ ਤੋਂ ਪਹਿਲੇ ਸਭ ਮਤ ਅਤੇ ਉਨ੍ਹਾਂ ਦੇ ਸੰਚਾਲਕ ਹਉਮੈ-ਹੰਕਾਰ ਦੇ ਗ੍ਰਸੇ ਦਸੇ।

ਦਸਮੇਸ਼ ਜੀ ਪਰਮੇਸ਼ਰ ਨੂੰ ਹੀ ਗੁਰੂ ਮੰਨਦੇ ਹਨ, ਜਿਵੇਂ ਕਿ ਆਪ ਦੀ ਬਾਣੀ ਵਿਚੋਂ ਪਰਮਾਣ ਮਿਲਦੇ ਹਨ :–

ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝੀਅਹੁ ਹਮਾਰਾ ॥ [ਚੌਪਈ ਪਾ: ੧੦

ਕੋਟਿਕ ਇੰਦ੍ਰ ਕਰੇ ਜਿਹ ਕੇ, ਕਈ ਕੋਟਿ ਉਪਿੰਦ੍ਰ ਬਨਾਯ ਖਪਾਯੋ ॥
ਦਾਨਵ ਦੇਵ ਫਨਿੰਦ੍ਰ ਧਰਾਧਰ, ਪੱਛ ਪਸੂ ਨਹਿ ਜਾਤ ਗਨਾਯੋ ॥
ਆਜ ਲਗੇ ਤਪ ਸਾਧਤ ਹੈਂ, ਸ਼ਿਵਊ ਬ੍ਰਹਮਾ ਕਛੁ ਪਾਰ ਨ ਪਾਯੋ ॥
ਬੇਦ ਕਤੇਬ ਨ ਭੇਦ ਲਖਯੋ ਜਿਹ, ਸੋਊ ਗੁਰੂ ਗੁਰੁ ਮੋਹਿ ਬਤਾਯੋ ॥੧੭॥ [ਤੇਤੀ ਸਵੈਯੇ

ਇਸ ਸਵੱਈਏ ਵਿਚ ਵੀ ਵਾਹਿਗੁਰੂ ਦੀ ਉਪਮਾ ਕਰਦਿਆਂ ਦਸਿਆ ਹੈ ਕਿ ਮੈਨੂੰ ਨੌਵੇਂ ਗੁਰੂ ਨਾਨਕ ਨੇ ਦਸ ਦਿਤਾ ਹੈ ਕਿ ਉਹੀ ਪ੍ਰਭੂ ਗੁਰੂਆਂ ਦਾ ਗੁਰੂ ਹੈ ਜਿਸ ਨੇ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ, ਜਿਸ ਦਾ ਅੰਤ ਬ੍ਰਹਮਾ ਤੇ ਸ਼ਿਵ ਜੀ ਵੀ ਨਹੀਂ ਪਾ ਸਕੇ ਅਤੇ ਨਾ ਹੀ ਬੇਦ ਅਤੇ ਕਤਾਬਾਂ ਭੇਦ ਜਾਣ ਸਕੀਆਂ ਹਨ।

ਇਸੇ ਵਾਸਤੇ ਆਪ ਜ਼ਫਰਨਾਮੇ ਵਿਚ ਲਿਖਦੇ ਹਨ ਕਿ ਉਹ ਵਾਹਿਗੁਰੂ ਰੰਗਾਂ ਅਤੇ ਚਿਹਨਾਂ ਤੋਂ ਰਹਿਤ ਹੈ, ਰਸਤੇ ਪਾਉਣ ਵਾਲਾ ਆਗੂ ਹੈ–

ਕਿ ੳ ਬੇਨਗੂੰ ਅਸਤ ੳ ਬੇਚਗੂੰ ॥ ਕਿ ੳ ਰਹਿਨੁਮਾ ਅਸਤ ੳ ਰਹਿਨਮੂੰ ॥

ਇਸ ਤਰ੍ਹਾਂ ਦਸਮੇਸ਼ ਜੀ ਇਕੋ ਅਕਾਲ ਪੁਰਖ ਨੂੰ ਹੀ ਆਪਣਾ ਇਸ਼ਟ ਮੰਨਦੇ ਹਨ ਅਤੇ ਆਪਣੇ ਤੋਂ ਪਹਿਲੇ ਨੌਂ ਸਤਿਗੁਰਾਂ ਵਿਚ ਵਾਹਿਗੁਰੂ ਹੀ ਗੁਰ ਜੋਤਿ ਰੂਪ ਹੋ ਕੇ ਦੁਨੀਆ ਨੂੰ ਸਿਧੇ ਰਸਤੇ ਪਾਉਣ ਵਾਲਾ ਦਸਦੇ ਹਨ।

ਫਿਰ ਦਸਮੇਸ਼ ਜੀ ਨੇ ਇਸ ਸੰਸਾਰ ਵਿਚ ਆਪਣਾ ਆਉਣ ਦਾ ਉਦੇਸ਼ ਸੱਚੇ ਧਰਮ ਨੂੰ ਪ੍ਰਗਟਾਉਣ ਦਾ ਹੀ ਦਸਿਆ ਹੈ। ਆਪ ਬਿਆਨ ਕਰਦੇ ਹਨ :–



www.AKJ.Org

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

[ਬਚਿਤ੍ਰ ਨਾਟਕ, ਧਿਆਇ ੬

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਸੱਚੇ ਧਰਮ ਦੇ ਚਲਾਵਣ ਦਾ ਸੰਕੇਤ ਦਿਤਾ। ਜਿਸ ਦੇ ਪ੍ਰਚਾਰ ਦਾ ਮੁੱਢ ਗੁਰੂ ਨਾਨਕ ਦੇਵ ਜੀ ਬੰਨ੍ਹ ਚੁਕੇ ਸੀ। ਹੋਰ ਫੋਕਟ ਧਰਮਾਂ ਦਾ ਖੰਡਨ ਕਰ ਕੇ ਕੇਵਲ ਇਕ ਅਕਾਲ ਪੁਰਖ ਜੋ ਅੰਤ ਸਮੇ ਸਹਾਈ ਹੁੰਦਾ ਹੈ, ਉਸ ਨੂੰ ਹੀ ਜਪਣ ਲਈ ਹੁਕਮ ਕੀਤਾ :–

ਕਿਉਂ ਨ ਜਪੋ ਤਾ ਕੋ ਤੁਮ ਭਾਈ ॥ ਅੰਤਿ ਕਾਲ ਜੋ ਹੋਇ ਸਹਾਈ ॥
ਫੋਕਟ ਧਰਮ ਲਖੋ ਕਰ ਭਰਮਾ ॥ ਇਨ ਤੇ ਸਰਤ ਨ ਕੋਈ ਕਰਮਾ ॥੪੯॥

[ਬਚਿਤ੍ਰ ਨਾਟਕ, ਧਿਆਇ ੬

ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਨੌਂ ਗੁਰੂ ਵਿਅਕਤੀਆਂ ਵਾਂਗ ਆਪਣੇ ਆਪ ਨੂੰ ਅਕਾਲ ਪੁਰਖ ਦਾ ਦਾਸ ਹੀ ਜਾਣਿਆ, ਜਿਵੇਂ ਕਿ ਉਹ ਆਪ ਹੀ ਲਿਖਦੇ ਹਨ ਕਿ :–

ਮੋ ਕੌ ਦਾਸ ਤਵਨ ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨਹੁ ॥੩੨॥
ਮੈ ਹੋਂ ਪਰਮ ਪੁਰਖ ਕੋ ਦਾਸਾ ॥ ਦੇਖਨ ਆਯੋ ਜਗਤ ਤਮਾਸਾ ॥੩੩॥

[ਬਚਿਤ੍ਰ ਨਾਟਕ, ਧਿਆਇ ੬

ਉਨ੍ਹਾਂ ਉਸੇ 'ਪੰਥ'' ਦਾ ਪ੍ਰਚਾਰ ਕੀਤਾ, ਜਿਸ ਲਈ ਕਿ ਉਨ੍ਹਾਂ ਨੂੰ ਅਕਾਲ ਪੁਰਖ ਵਲੋਂ ਆਗਿਆ ਕੀਤੀ ਗਈ। ਜਿਵੇਂ ਕਿ ਆਪ ਲਿਖਦੇ ਹਨ :–

ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈਂ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥

[ਅਕਾਲ ਪੁਰਖ ਵਾਚ, ਬਚਿਤ੍ਰ ਨਾਟਕ ਧਿ: ੬

ਤਾਂ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਤੇ ਆਪਣੇ ਪਹਿਲੇ ਨੌਂ ਸਤਿਗੁਰਾਂ ਦੇ ਮਿਸ਼ਨ ਅਨੁਸਾਰ ''ਖਾਲਸਾ ਪੰਥ ਨੂੰ ਇਸ ਸੰਸਾਰ ਵਿਚ ਜੀਵਾਂ ਦੇ ਕਲਿਆਣ ਨਮਿਤ ਉਜਾਗਰ ਕਰ ਦਿੱਤਾ। ਗੁਰੂ ਸਾਹਿਬ ਨੇ ਪਹਿਲੇ ਮਤਾਂ ਦੇ ਆਗੂਆਂ ਵਾਂਗ ਆਪਣਾ ਪੰਥ ਨਹੀਂ ਚਲਾਇਆ, ਸਗੋਂ ਵਾਹਿਗੁਰੂ ਦਾ ਆਪਣਾ ਹੀ ਪੰਥ ਪਰਗਟ ਕੀਤਾ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਅਨੁਯਾਈਆਂ ਨੂੰ ਇਕ ਦੂਜੇ ਨੂੰ ਮਿਲਣ ਸਮੇਂ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਗਜਾਉਣ ਲਈ ਹੁਕਮ ਕੀਤਾ ਹੋਇਆ ਹੈ, ਤਾਂਕਿ ਉਹ ਕਦੇ ਵੀ ਹਉਮੈ ਹੰਕਾਰ ਦੇ ਸ਼ਿਕਾਰ ਨ ਹੋਣ। ਜਿਥੇ ਗੁਰੂ ਸਾਹਿਬ ਆਪ ਹਉਮੈ ਹੰਕਾਰ ਤੋਂ ਰਹਿਤ ਰਹੇ ਉਥੇ ''ਖਾਲਸਾ ਪੰਥ'' ਨੂੰ ਵੀ ਹਉਮੈ-ਹੰਕਾਰ ਤੋਂ ਰਹਿਤ ਕਰ ਦਿੱਤਾ ਅਤੇ ਇਉਂ ਖਾਲਸਾ ਪੰਥ ਨੂੰ ਕੇਵਲ ਅਕਾਲ ਪੁਰਖ ਦੇ ਆਸਰੇ ਕਰ ਕੇ ਸਦੀਵੀ ਸੁਖ ਅਤੇ ਚੜ੍ਹਦੀ ਕਲਾ ਦੀ ਬਖਸ਼ਿਸ਼ ਕਰ ਦਿੱਤੀ। ਇਉਂ ਗੁਰੂ ਸਾਹਿਬ ਅਤੇ ''ਖਾਲਸਾ ਪੰਥ'' ਦਾ ਇਸ਼ਟ ਅਕਾਲ ਪੁਰਖ-ਵਾਹਿਗੁਰੂ ਹੈ, ਜੋ ਸਰਬ ਸੰਸਾਰ ਦਾ ਰਚਨਹਾਰ, ਬਣਾਉਣ ਵਾਲਾ ਅਤੇ ਭੰਨਣ ਵਾਲਾ ਹੈ :–

ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ ॥
ਸਰਬ ਬਿਸ੍ਵ ਰਚਿਓ ਸੁਯੰਭਵ ਗੜ੍ਹਨ ਭੰਜਨਹਾਰ ॥੮੩॥ [ਜਾਪ ਸਾਹਿਬ

ਅਤੇ ਫਿਰ ਦਸਦੇ ਹਨ ਕਿ ਉਹ ਅਕਾਲ ਪੁਰਖ–

ਅਲੇਖੰ ਅਭੇਖੰ ਅਭੂਤੰ ਅਦ੍ਵੈਖੰ ॥



www.AKJ.Org

ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ॥੧੦॥ [ਬਚਿਤ੍ਰ ਨਾਟਕ, ਧਿਆਇ ੧

ਉਸ ਨੂੰ ਭਾਵੇਂ ਰੂਪ-ਰੰਗ ਰਹਿਤ ਦਸਿਆ ਹੈ, ਪਰ ਇਸ ਦਾ ਇਹ ਭਾਵ ਨਹੀਂ ਕਿ ਉਹ ਹੋਂਦ ਰਹਿਤ ਹੈ। ਉਸ ਨੂੰ ਹੋਂਦ ਸਹਿਤ ਦਸਣ ਲਈ ਹੀ ਇਹ ਦਸਿਆ ਹੈ ਕਿ ਉਹ ਪੁਨੀਤ ਮੂਰਤਿ ਅਰਥਾਤ ਪਵਿੱਤਰ ਹੋਂਦ ਵਾਲਾ ਹੈ। ਪਰ ਇਹ ਹੋਂਦ ਤਾਂ ਆਦਿ ਰਹਿਤ ਅਤੇ ਸਦੀਵੀ ਹੋਂਦ ਹੈ :—

ਸਦੈਵੰ ਸਰੂਪ ਹੈ ॥ ਅਭੇਦੀ ਅਨੂਪ ਹੈ॥੧੨੬॥
ਨਿਰੁਕਤ ਪ੍ਰਭਾ ਹੈ॥ ਸਦੈਵੰ ਸਦਾ ਹੈ॥੧੩੧॥ [ਜਾਪ ਸਾਹਿਬ
ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥੭੯॥ [ਜਾਪ ਸਾਹਿਬ

ਜਿਵੇਂ ਅਨੰਦ ਸਾਹਿਬ ਵਿਚ ਗੁਰੂ ਅਮਰਦਾਸ ਜੀ ਸਾਰੇ ਵਿਸ਼ਵ ਸੰਸਾਰ ਨੂੰ ਵਾਹਿਗੁਰੂ ਦਾ ਰੂਪ ਹੀ ਵੇਖਦੇ ਹੋਇ ਬਚਨ ਕਰਦੇ ਹਨ :—

ਇਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥

ਗੁਰੂ ਗੋਬਿੰਦ ਸਿੰਘ ਜੀ ਵੀ ਇਸ ਸੰਸਾਰ ਦੀ ਅਦਿਭੁਤ ਰਚਨਾ ਵਿਚ ਉਸ ਵਾਹਿਗੁਰੂ ਦਾ ਹੀ ਜ਼ਹੂਰ ਅਤੇ ਚਮਤਕਾਰ ਦੇਖਦੇ, ਕੁਦਰਤ ਦੀ ਹਰੇਕ ਚੀਜ਼ ਨੂੰ ਉਸ ਦਾ ਹੀ ਰੂਪ ਬਿਆਨਦੇ ਹਨ। ਆਪ ਬਿਆਨ ਕਰਦੇ ਹਨ—

ਕਹੂੰ ਗੀਤ ਕੇ ਗਵਯਾ, ਕਹੂੰ ਬੇਨ ਕੇ ਬਜਯਾ, ਕਹੂੰ ਨ੍ਰਿਤ ਕੇ ਨਚਯਾ, ਕਹੂੰ ਨਰ ਕੇ ਅਕਾਰ ਹੋ।
ਕਹੂੰ ਬੇਦ ਬਾਨੀ, ਕਹੂੰ ਕੋਕ ਕੀ ਕਹਾਨੀ, ਕਹੂੰ ਰਾਜਾ ਕਹੂੰ ਰਾਨੀ, ਕਹੂੰ ਨਾਰ ਕੇ ਪ੍ਰਕਾਰ ਹੋ ॥੮॥੧੮॥
(ਅਕਾਲ ਉਸਤਤ)

ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ॥ ਕਹੂੰ ਭਵਰ ਹ੍ਵੈ ਕੈ ਭਲੀ ਭਾਂਤਿ ਭੂਲੇ ॥
ਕਹੂੰ ਪਵਨ ਹ੍ਵੈ ਕੈ ਬਹੇ ਬੇਗਿ ਐਸੇ ॥ ਕਹੇ ਮੋ ਨ ਆਵੈ ਕਥੋਂ ਤਾਹਿ ਕੈਸੇ ॥੧੨॥ (੧) ਬ:ਨਾ:

ਇਸੇ ਤਰ੍ਹਾਂ ਆਪ ਧਰਮੀ ਯੋਧੇ ਹੋਣ ਦੇ ਨਾਤੇ ਸ਼ਸਤਰਾਂ ਨੂੰ ਕੇਵਲ ਪਿਆਰ ਹੀ ਨਹੀਂ ਸਨ ਕਰਦੇ, ਸਗੋਂ ਸ਼ਸਤਰਾਂ ਵਿਚ ਵੀ ਪ੍ਰਭੂ-ਸੱਤਾ ਅਤੇ ਕਲਾ ਦੀ ਝਲਕ ਹੀ ਦੇਖਦੇ ਸਨ। ਏਸੇ ਲਈ ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਬੀਰ-ਰੱਸੀ ਝਰਨੇ ਝਰਦੇ ਸਨ ਅਤੇ ਇਉਂ ਪ੍ਰਭੂ ਨੂੰ ਸ਼ਸਤਰਾਂ ਦੇ ਨਾਵਾਂ ਨਾਲ ਸੰਬੋਧਨ ਕਰ ਕੇ ਧਿਆਉਂਦੇ ਅਤੇ ਨਮਸਕਾਰ ਕਰਦੇ ਸਨ। ਜਿਵੇਂ ਕਿ—ਨਮੋ ਖੱਗ ਖੰਡੰ ਕ੍ਰਿਪਾਣੰ ਕਟਾਰੰ ॥ ਸਦਾ ਏਕ ਰੂਪੰ ਸਦਾ ਨਿਰਬਿਕਾਰੰ॥੮੭॥

ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸਿ ਸਰਣੰ ॥
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ ॥੨॥
[ਬਚਿਤ੍ਰ ਨਾਟਕ, ਧਿਆਇ ੧

ਜ਼ਾਹਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸ਼ਸ਼ਤਰਾਂ ਦਾ ਨਾਂ ਦੇ ਕੇ ਜਾਂ ਕਿਸੇ ਹੋਰ ਰੂਪ-ਧਾਰੀ ਦਾ ਨਾਂ ਦੇ ਕੇ ਕੇਵਲ ਪ੍ਰਭੂ ਨੂੰ ਹੀ ਧਿਆਉਂਦੇ ਸਨ, ਕਿਉਂਕਿ ਪ੍ਰਭੂ ਸ਼ਕਤੀ ਕਰਕੇ ਹੀ ਇਨ੍ਹਾਂ ਸ਼ਸਤ੍ਰਾਂ ਜਾਂ ਹੋਰ ਸੰਸਾਰੀ ਦ੍ਰਿਸ਼ਟ-ਮਾਨ ਰੂਪਾਂ ਦੀ ਹੋਂਦ ਵਜੂਦ ਵਿਚ ਆ ਕੇ ਕਾਇਮ ਹੈ। ਗੁਰੂ ਜੀ ਨੇ ਤਾਂ ਕਈ ਵੇਰ ਖੰਡਾ, ਭਗਉਤੀ (ਤਲਵਾਰ) ਆਦਿਕ ਸ਼ਸਤਰਾਂ ਦੇ ਨਾਮ ਵਾਹਿਗੁਰੂ ਦੀ ਕਾਲ-ਸ਼ਕਤੀ ਜਾਂ ਮਹਾਂ ਸ਼ਕਤੀ ਦੇ ਸੂਚਕਾਂ ਦੇ ਤੌਰ ਤੇ ਲਿਖੇ ਹਨ। ਜਿਵੇਂ ਕਿ ਆਪ ਲਿਖਦੇ ਹਨ :—

ਤੀਰ ਤੁਹੀ, ਸੈਥੀ ਤੁਹੀ, ਤੁਹੀ ਤਬਰ ਤਰਵਾਰ ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ-ਭਵ ਪਾਰ ॥੪॥ [ਸ਼ਸਤ੍ਰ-ਨਾਮ ਮਾਲਾ

ਹੋਰ ਦੇਖੋ ਚੰਡੀ ਦੀ ਵਾਰ ਵਿਚ ਆਪ ਲਿਖਦੇ ਹਨ :—

ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥



www.AKJ.Org

ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥
ਤੈ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾਂ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥੨॥

ਸੋ ਇਸ ਪਉੜੀ ਤੋਂ ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਟ ਕੋਈ ਦੇਵੀ, ਦੇਵਤਾ ਅਥਵਾ ਅਵਤਾਰ ਨਹੀਂ ਸੀ, ਸਗੋਂ ਉਨ੍ਹਾਂ ਦਾ ਇਸ਼ਟ ਉਹੀ ਅਕਾਲ ਪੁਰਖ ਸੀ ਜਿਸ ਨੇ ਆਪਣੀ ਮਹਾਂ ਸ਼ਕਤੀ ਦੁਆਰਾ ਇਨ੍ਹਾਂ ਦੇਵੀ ਦੇਵਤਿਆ ਅਤੇ ਅਵਤਾਰਾਂ ਨੂੰ ਸਾਜਿਆ ਅਤੇ ਇਨ੍ਹਾਂ ਨੂੰ ਵਡੇ ਵਡੇ ਕਾਰਨਾਮੇ ਕਰਨ ਲਈ ਆਪਣਾ ਬੱਲ ਦਿੱਤਾ ਸੀ।

ਕਿਉਂਕਿ ਉਹ ਕਾਲ (ਮੌਤ) ਰਹਿਤ ਹੈ, ਇਸ ਲਈ ਉਸ ਨੂੰ ਅਕਾਲ ਪੁਰਖ ਕਿਹਾ ਹੈ। ਕਿਉਂਕਿ ਉਹ ਸਭ ਦਾ ਕਾਲ ਕਰਨ ਵਾਲਾ ਹੈ, ਇਸ ਲਈ ਉਸਨੂੰ ਸਰਬ-ਕਾਲ ਜਾਂ ਕਾਲ-ਪੁਰਖ ਵੀ ਕਿਹਾ ਹੈ। ਕਿਉਂਕਿ ਲੋਹੇ ਤੋਂ ਹੀ ਸਭ ਸ਼ਸਤ੍ਰ ਬਣਦੇ ਹਨ, ਇਸ ਸਰਬ-ਲੋਹ ਨੂੰ ਉਸ ਦੀ ਕਾਲ ਜਾਂ ਸਿੰਘਾਰ-ਸ਼ਕਤੀ ਦਾ ਪ੍ਰਤੀਕ ਦਸਿਆ ਹੈ। ਇਸੇ ਲਈ ਆਪ ਅਕਾਲ ਉਸਤਤਿ ਦੇ ਅਰੰਭ ਵਿਚ ਲਿਖਦੇ ਹਨ :—

ਅਕਾਲ ਪੁਰਖ ਕੀ ਰਛਾ ਹਮ ਨੈ ॥ ਸਰਬ ਲੋਹ ਦੀ ਰਛਿਆ ਹਮ ਨੈ ॥
ਸਰਬ ਕਾਲ ਜੀ ਦੀ ਰਛਿਆ ਹਮ ਨੈ ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮ ਨੈ।

ਗੁਰੂ ਜੀ ਦ੍ਰਿਸ਼ਟਮਾਨ ਸੰਸਾਰ ਨੂੰ, ਉਸ ਅਕਾਲ ਪੁਰਖ ਦਾ ਹੀ ਪਸਾਰਾ ਹੋਣ ਕਰਕੇ ਉਸ ਦਾ ਰੂਪ ਵੀ ਮੰਨਦੇ ਹਨ, ਪਰ ਇਸ ਦ੍ਰਿਸ਼ਟਮਾਨ ਸੰਸਾਰ ਨੂੰ ਨਾਸ਼ਮਾਨ ਵੀ ਮੰਨਦੇ ਹਨ। ਇਸ ਲਈ ਵਾਹਿਗੁਰੂ ਅਨੇਕ-ਦਰਸੀ ਹੋ ਕੇ ਫਿਰ ਵੀ ਉਹ ਏਕ-ਦਰਸੀ ਸਦੈਵੀ ਅਬਿਨਾਸ਼ੀ ਰੂਪ ਵਾਲਾ ਰਹਿੰਦਾ ਹੈ—

ਏਕ ਮੂਰਤਿ ਅਨੇਕ ਦਰਸ਼ਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥੮੧॥ [ਜਾਪੁ ਸਾਹਿਬ

ਇਹ ਉਸ ਦਾ ਜੋਤੀ ਸਰੂਪ ਸਦਾ ਹੀ ਕਾਇਮ ਦਾਇਮ ਹੈ :—

ਸਦਾ ਏਕ ਜੋਤਯੰ ਅਜੂਨੀ ਸਰੂਪੰ ॥ ਮਹਾ ਦੇਵ ਦੇਵੰ ਮਹਾਂ ਭੂਪ ਭੂਪੰ ॥੩॥
[ਬਚਿਤ੍ਰ ਨਾਟਕ, ਧਿਆਇ ੧

ਸਦੈਵੰ ਸਦਾ ਸਰਬ ਸਾਥੰ ਅਨਾਥੇ ॥ ਨਮੋ ਏਕ ਰੂਪੰ ਅਨੇਕੰ ਸਰੂਪੇ ॥੨॥ [ਗਿਆਨ ਪ੍ਰਬੋਧ

ਉਸੇ ਦੀ ਮਹਾਨ ਸ਼ਕਤੀ ਨੂੰ ਸ਼ਿਵਾ ਅਤੇ ਕਾਲੀ (ਕਾਲਕਾ) ਵੀ ਕਿਹਾ ਗਿਆ ਹੈ। ਇਸ ਤਰ੍ਹਾਂ ਵਾਹਿਗੁਰੂ ਹੀ ਸ਼ਿਵਾ ਅਤੇ ਕਾਲਕਾ ਹੈ। ਇਸ ਵਾਸਤੇ ਆਪ ਲਿਖਦੇ ਹਨ :—

ਸਰਬਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥੫॥
[ਬਚਿਤ੍ਰ ਨਾਟਕ, ਧਿਆਇ ੧੪

ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋਂ ॥੨੩੧॥ [ਚੰਡੀ ਚਰਿੱਤ੍ਰ
ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥ [ਜਾਪ ਸਾਹਿਬ



www.AKJ.Org

ਇਸ ਲਈ ਗੁਰੂ ਗੋਬਿੰਦ ਸਿੰਘ ਦਾ ਇਸ਼ਟ ਕੇਵਲ ਅਕਾਲ ਪੁਰਖ ਵਾਹਿਗੁਰੂ ਹੈ, ਜਿਸ ਦਾ ਨਾਮ ਧਿਆ ਕੇ ਪਰਮ ਜੋਤਿ (ਵਾਹਿਗੁਰੂ) ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਬਿਨਾ ਨਾ ਹੀ ਕਿਸੇ ਹੋਰ ਦਾ ਧਿਆਨ ਧਾਰਿਆ, ਨਾ ਹੀ ਕਿਸੇ ਹੋਰ ਦਾ ਨਾਂ ਜਪਿਆ ਹੈ :–

ਬਿਅੰਤ ਨਾਮ ਧਿਆਇ ਹੈ ॥ ਪਰਮ ਜੋਤਿ ਪਾਇ ਹੈ ॥
ਨਾ ਧਿਆਨ ਆਨ ਕੋ ਧਰੋਂ ॥ ਨਾ ਨਾਮ ਆਨ ਉਚਰੋਂ ॥੩੮॥੬॥ ਬਚਿਤ੍ਰ ਨਾ:

---

# ਪੰਥ ਨੂੰ ਹਲੂਣਾ

[ਵਲੋਂ–ਸ: ਵਿਧਾਤਾ ਸਿੰਘ ਜੀ ਤੀਰ]

ਗੋ ਗੋ ਸੁੱਚੀ ਮਨੁੱਖਤਾ ਆਪ ਹੱਥੀਂ, ਪੰਥਾ ! ਸਾਜਿਆ ਸ੍ਰੀ ਦਸਮੇਸ਼ ਤੈਨੂੰ।
ਪੰਜਾਂ ਕੱਕਿਆਂ ਦੇ ਨਾਲ ਜੋੜ ਰਿਸ਼ਤਾ, ਦਿਤੇ ਨਾਲ ਕਿਰਪਾਨ ਦੇ ਕੇਸ ਤੈਨੂੰ।
ਪੰਜ ਅੰਮ੍ਰਿਤੀ ਬਾਣੀਆਂ ਨਾਲ ਦੇ ਕੇ, ਦਿੱਤਾ ਪੰਜਾਂ ਦਰਿਆਵਾਂ ਦੇ ਦੇਸ ਤੈਨੂੰ।
ਲੱਖਾਂ ਵਿਚੋਂ ਪਛਾਣਿਆ ਵੱਖ ਜਾਵੇਂ, ਉਨ੍ਹੇ ਇਸ ਤਰ੍ਹਾਂ ਦਾ ਦਿੱਤਾ ਵੇਸ ਤੈਨੂੰ।
ਸਿਰ ਦਾ ਛੱਤਰ ਤੇਰੇ ਸਿਰ ਤੋਂ ਵਾਰ ਦਿਤਾ, ਚਾਰ ਚੰਦ ਵਾਰੇ, ਵਾਰੀ ਮਾਂ ਉਸ ਨੇ।
ਤੱਤੀ ਵਾ ਤੋਂ ਤੈਨੂੰ ਬਚਾਣ ਖ਼ਾਤਰ, ਸੱਤਾਂ ਸਿਰਾਂ ਦੀ ਵੀ ਕੀਤੀ ਛਾਂ ਉਸ ਨੇ।

ਜਦੋਂ ਤੀਕ ਨਹੀਂ ਤੈਨੂੰ ਦਸਮੇਸ਼ ਭੁੱਲਾ, ਤੇਰੇ ਨਾਮਣੇ ਦੇ ਵਾਜੇ ਵੱਜਦੇ ਰਹੇ।
ਜਦੋਂ ਤੀਕ ਤੂੰ ਮਾਣੀਂ ਕਿਰਪਾਨ-ਕਿਰਪਾ, ਤੇਰੀ ਜਿੱਤ ਹੋਈ, ਵੈਰੀ ਭੱਜਦੇ ਰਹੇ।
ਮਨ ਬਚਨ ਤੇ ਕਰਮ ਜਾਂ ਇੱਕ ਹੈਸੀ, ਝੰਡੇ ਝੂਲਦੇ ਰਹੇ, ਧੌਂਸੇ ਗੱਜਦੇ ਰਹੇ।
ਜਦੋਂ ਤੀਕ ਟੁਰਿਓਂ ਜਥੇਬੰਦ ਹੋ ਕੇ, ਦੱਲ ਰਿਹਾ ਚੜ੍ਹਦਾ, ਲਸ਼ਕਰ ਸੱਜਦੇ ਰਹੇ।
ਸਿੱਖੀ-ਚਲਨ ਤੋਂ ਜਦੋਂ ਚੌਫਾਲ ਡਿੱਗੋਂ, ਖੋਹਿਆਂ ਦੂਤੀਆਂ ਤਖ਼ਤ ਤੇ ਤਾਜ ਤੇਰਾ।
ਓਦੋਂ ਫ਼ਤਹ ਤੇਰਾ ਪਾਣੀ ਰਹੀ ਭਰਦੀ, ਹੁਣ ਤਾਂ ਹਾਰ ਨਾ ਕਰੇ ਲਿਹਾਜ਼ ਤੇਰਾ।

ਵਧੀ ਲਾਲਸਾ ਚੌਧਰਾਂ ਕੁਰਸੀਆਂ ਦੀ, ਫੂਲਾ ਸਿੰਘ ਵਰਗਾ ਜਥੇਦਾਰ ਕੋਈ ਨਹੀਂ।
ਉੱਡ ਗਈ 'ਕਪੂਰ' ਦੀ ਵਾਸ਼ਨਾ ਹੀ,'ਆਹਲੂ-ਵਾਲੀਏ' ਜਿਹਾ ਸਰਦਾਰ ਕੋਈ ਨਹੀਂ।
ਸਭੋ ਹੈਂਕੜਾਂ ਦੀ ਘੋੜੀ ਚੜ੍ਹੇ ਫਿਰਦੇ,ਨਲੂਏ ਜਿਹਾ ਕਿਧਰੇ ਸ਼ਾਹ-ਸਵਾਰ ਕੋਈ ਨਹੀਂ।
ਪੰਥ ਰੋਲਿਆ ਪੰਥ-ਧਰੋਹੀਆਂ ਨੇ, ਕਿਤੋਂ ਲੱਭਦਾ ਪੰਥਕ ਪਿਆਰ ਕੋਈ ਨਹੀਂ।
ਪੂਜਾ-ਧਾਨ ਨੂੰ ਅੰਮੀ ਦਾ ਦੁੱਧ ਜਾਣਨ, ਪੀ ਪੀ ਕੁੱਪੇ ਹੰਕਾਰ ਦੇ ਫੁੱਲ ਗਏ ਹਨ।
ਗਿਆ ਤੇਗ ਤੇ ਜਿਨ੍ਹਾਂ ਨੂੰ ਤੋਲਿਆ ਸੀ, ਓਹੋ ਸਿੱਖੀ ਗਰਕਾਣ ਤੇ ਤੁਲ ਗਏ ਹਨ।

ਮੂੰਹੋਂ ਪੰਥ ਦਾ ਰਾਗ ਅਲਾਪਦੇ ਹਨ, ਦਿਲਾਂ ਵਿਚ ਲਾਲਚੀ ਲੋਚ ਹੁਣ ਤੇ।
ਬੁਰਕੀ ਵਾਸਤੇ, ਵਾਸਤੇ ਫਿਰਨ ਪਾਂਦੇ, ਉਤੋਂ ਸਿੱਖ ਵਿਚੋਂ ਟੁਕਟ-ਬੋਚ ਹੁਣ ਤੇ।
ਖੱਡੇ ਖੂਹ ਪੁਟਣ ਤੇਰੇ ਰਾਹ ਅੰਦਰ, ਤਦੇ ਆਈ ਤੇਰੇ ਪੈਰੀਂ ਮੋਚ ਹੁਣ ਤੇ।
ਹੁੰਦੇ ਹਾਰ ਦਾ ਚਿੰਨ੍ਹ ਨੇ ਤਿੰਨ ਕਾਣੇ, ਕਿਸੇ ਇਕ ਥਾਵੇਂ ਬੈਠ ਸੋਚ ਹੁਣ ਤੇ।
ਰਹਿਓਂ ਤਿੰਨ ਤਾਂ ਪੈਣਗੇ ਤਿੰਨ ਕਾਣੇ, ਪੈਣੇ ਪੌਂ ਬਾਰ੍ਹਾਂ ਹੋ ਕੇ ਇਕ ਪੰਥਾ।
ਹੋ ਜਾ ਇੱਕ, ਏਕੇ ਅੰਦਰ ਬਰਕਤਾਂ ਨੀਂ, ਸੀਨੇ ਏਕਤਾ ਦੀ ਰਖ ਲੈ ਸਿੱਕ ਪੰਥਾ।



www.AKJ.Org

# ਸ੍ਰੀ ਅਕਾਲ ਤਖ਼ਤ ਸਾਹਿਬ
## ਤੇ
# ਇਸ ਦਾ ਇਤਿਹਾਸਿਕ ਮਹੱਤਵ

[ਸ਼ਮਸ਼ੇਰ ਸ: ਸਿੰਘ ਜੀ 'ਅਸ਼ੋਕ']

ਸਿੱਖ ਪੰਥ ਵਿਚ ਰਾਜਨੀਤੀ ਤੇ ਧਰਮ ਦੋਵੇਂ ਇਕ-ਮਿਕ ਹੋ ਕੇ ਚਲਦੇ ਆਏ ਹਨ। ਗੁਰੂ ਨਾਨਕ ਨੇ ਸਿੱਖ-ਪੰਥ ਰੂਪ ਧਰਮ-ਰਾਜ ਦੀ ਸਥਾਪਨਾ ਸਚਾਈ ਦੀਆਂ ਪੱਕੀਆਂ ਨੀਹਾਂ ਉਤੇ ਕੀਤੀ ਸੀ, ਜਿਵੇਂ ਕਿ ਸਤੇ ਬਲਵੰਡ ਦੀ ਵਾਰ ਰਾਗ ਰਾਮਕਲੀ ਵਿਚ ਲਿਖਿਆ ਹੈ:—

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ॥ [ਪੰਨਾ ੯੬੬

ਪਰ ਮੁਗਲ ਸਮਰਾਟ ਬਾਬਰ ਨੇ ਆਪਣੀ ਹਕੂਮਤ ਦੀ ਨੀਂਹ ਸਾਮ-ਦਾਮ ਅਤੇ ਦੰਡ-ਭੇਦ ਉਤੇ ਰੱਖੀ ਸੀ। ਇਸ ਲਈ ਮੁਗਲ ਹਕੂਮਤ ਜਿੰਨਾ ਚਿਰ ਧਰਮ ਦੇ ਨਾਲ ਨਾਲ ਹੋ ਕੇ ਚਲਦੀ ਰਹੀ ਉਤਨਾ ਚਿਰ ਤਾਂ ਸਿੱਖ ਹਮੇਸ਼ਾ ਉਸ ਦੇ ਹਮਦਰਦ ਰਹੇ, ਪਰ ਜਦ ਅਕਬਰ ਤੋਂ ਬਾਅਦ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਸ਼ੱਦਦ ਦਾ ਰਾਹ ਅਪਣਾਇਆ ਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹੁਕਮਨ ਲਾਹੌਰ ਬੁਲਾ ਕੇ ਸ਼ਹੀਦ ਕਰਵਾ ਦਿਤਾ ਗਿਆ ਤਾਂ ਸਿੱਖਾਂ ਵਿਚ ਇਸ ਦਾ ਪ੍ਰਤੀਕਰਮ ਵਾਪਰਨਾ ਇਕ ਕੁਦਰਤੀ ਗੱਲ ਸੀ। ਵਕਤ ਦੀ ਨਜ਼ਾਕਤ ਵੇਖ ਕੇ ਗੁਰੂ ਹਰਿ ਗੋਬਿੰਦ ਜੀ (ਛੇਵੇਂ ਪਾਤਸ਼ਾਹ) ਨੇ ਗੁਰ-ਗੱਦੀ ਬੈਠਣ ਤੋਂ ਥੋੜੇ ਦਿਨ ਪਿੱਛੋਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਉਚੇ ਥੜੇ ਪਰ, ਜਿਥੇ ਕਿ ਉਹ ਬਚਪਨ ਵਿਚ ਖੇਡਦੇ ਰਹੇ ਸਨ, ਮਿਤੀ ਹਾੜ ਸੁਦੀ ੫ ਸੰਮਤ ੧੬੬੩ ਬਿ:, ਮੁਤਾਬਿਕ ੩੦ ਜੂਨ, ਸੰਨ ੧੬੦੬ ਈ: ਨੂੰ ਸਿੱਖਾਂ ਦੀਆਂ ਸਿਆਸੀ ਸਰਗਰਮੀਆਂ ਤੇਜ਼ ਕਰਨ ਵਾਸਤੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਮੌਜੂਦਗੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖ ਦਿੱਤੀ।

ਕਵੀ ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮੇ ਅਨੁਸਾਰ ਗੁਰੂ ਹਰਿ ਗੋਬਿੰਦ ਜੀ ਦੀ ਉਮਰ ਉਸ ਸਮੇਂ ਮਸਾਂ ੧੫ ਸਾਲਾਂ ਦੀ ਸੀ। ਨੌਜਵਾਨ ਗੁਰੂ ਹਰਿ ਗੋਬਿੰਦ ਜੀ ਦੇ ਕਰ-ਕਮਲਾਂ ਨਾਲ ਸਥਾਪਤ ਕੀਤਾ ਹੋਇਆ ਸਿੱਖਾਂ ਦਾ ਇਹ ਪਹਿਲਾ ਰਾਜਨੀਤਕ ਸਿੰਘਾਸਨ ਹਰ ਪਾਸਿਉਂ ਸਾਰੇ ਦੇਸ਼ ਵਿਚ ਸਨਮਾਨਿਆ ਗਿਆ ਤੇ ਇਥੋਂ ਜਾਰੀ ਹੋਏ ਹੁਕਮਨਾਮਿਆਂ ਦੀ ਹਰ ਥਾਵੇਂ ਮਨ, ਵਚਨ, ਕਰਮ ਕਰਕੇ ਪਾਲਣਾ ਹੋਣ ਲੱਗੀ।

## ਸ੍ਰੀ ਅਕਾਲ ਤਖ਼ਤ ਤੇ ਸਿੱਖ ਸਿਪਾਹ :

ਏਕਣ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਹੋਣ ਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਲਗਾਤਾਰ ਦਰਬਾਰ ਲਗਾਉਣੇ ਸ਼ੁਰੂ ਕੀਤੇ। ਹਰ ਥਾਵੇਂ ਹੁਕਮਨਾਮੇ ਲਿਖ ਲਿਖ ਕੇ ਭੇਜੇ, ਸ਼ਸਤਰ-ਅਸਤਰ ਤੇ ਘੋੜੇ ਮੰਗਵਾਏ, ਵੀਰ ਜੋਧਿਆਂ ਦਾ ਉਤਸ਼ਾਹ ਵਧਾਉਣ ਲਈ, ਪਿੰਡ ਸੁਰ ਸਿੰਘ ਤੋਂ ਢਾਡੀ ਅਬਦੁੱਲਾ ਤੇ ਨੱਥ ਮਲ ਵਾਰਾਂ ਗਾਉਣ ਵਾਸਤੇ ਮੰਗਵਾਏ, ਭੱਟਾਂ ਨੇ ਵੀਰ-ਰਸੀ ਕਬਿੱਤ ਪੜ੍ਹਨੇ ਸ਼ੁਰੂ ਕੀਤੇ, ਬੜੇ ਜੋਸ਼-ਖਰੋਸ਼ ਨਾਲ ਹਰ ਪਾਸੇ ਫ਼ੌਜੀ ਪਰੇਡਾਂ ਹੋਣ ਲੱਗੀਆਂ। ਦਰਬਾਰੀ ਢਾਡੀ ਅਬਦੁੱਲੇ ਤੇ ਨੱਥ ਮੱਲ ਨੇ ਗੁਰੂ ਜੀ ਦੇ ਹੁਕਮ ਨਾਲ ਵੀਰ-ਰਸ ਭਰਪੂਰ ੭੨ ਵਾਰਾਂ ਰਚ ਕੇ ਸੁਣਾਈਆਂ। ਗੁਰੂ ਸਾਹਿਬ ਨੇ ਉਨ੍ਹਾਂ ਵਾਰਾਂ ਵਿਚੋਂ ੨੨ ਵਾਰਾਂ ਵਧੇਰੇ ਪਸੰਦ ਕੀਤੀਆਂ ਤੇ ਉਨ੍ਹਾਂ ਵਿਚੋਂ ਵੀ ਨੌਂ ਵਾਰਾਂ ਦੀਆਂ ਧੁਨਾ ਲੈ ਕੇ ਏਥੇ ਹੀ ਸ੍ਰੀ ਅਕਾਲ ਤਖ਼ਤ ਦੇ ਸਥਾਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਯੋਗ ਥਾਵੀਂ ਰਾਗ ਮਾਝ, ਗਉੜੀ, ਆਸਾ ਆਦਿ ਦੀਆਂ ਵਾਰਾਂ ਦੇ ਮੁੱਢ ਵਿਚ ਦਰਜ ਕੀਤੀਆਂ, ਜਿਵੇਂ ਕਿ ਗੁਰਬਿਲਾਸ ਪਾਤਸ਼ਾਹੀ ੬ ਵਿਚ ਕਵੀ ਸੋਹਣ ਸਿੰਘ ਨੇ ਲਿਖਿਆ ਹੈ :—



www.AKJ.Org

ਬਾਈ ਵਾਰ ਕੀ ਧੁਨਿ ਸੁਨਿ ਬਾਈ। ਨੌ ਧੁਨਿ ਊਪਰ ਵਾਰ ਚੜ੍ਹਾਈ।

ਇਹ ਵਾਰਾਂ ਦੀਆਂ ਧੁਨਾਂ ਇਨ੍ਹਾਂ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗ੍ਰੰਥ ਜੀ ਦੀ ਬੀੜ ਵਿਚ ਦਰਜ ਨਹੀਂ ਸਨ ਕੀਤੀਆਂ। ਸੋ ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਇਹ ਨੌਂ ਧੁਨਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਇਕ ਸਭ ਤੋਂ ਪਹਿਲੀ ਇਤਿਹਾਸਕ ਯਾਦਗਾਰ ਵਜੋਂ ਹੁਣ ਤਕ ਗੁਰਬਾਣੀ ਵਿਚ ਮੌਜੂਦ ਹਨ, ਜਿਸ ਦਾ ਸਿੱਖ ਪੰਥ ਵਿਚ ਖ਼ਾਸ ਤੌਰ ਤੇ ਮਾਣ ਹੈ।

## ਸ੍ਰੀ ਦਸਮੇਸ਼ ਤੋਂ ਬਾਅਦ ਪੰਥਕ ਏਕਤਾ ਲਈ ਪਰਚੀ-ਸਿਸਟਮ :

ਸ੍ਰੀ ਦਸਮੇਸ਼ ਤੋਂ ਬਾਅਦ ਭਾਈ ਮਨੀ ਸਿੰਘ ਜੀ ਦੇ ਸਮੇਂ ਤਕ ਜਦ ਕਦੇ ਵੀ ਸਿੱਖਾਂ ਵਿਚ ਕੋਈ ਰਾਇ ਦਾ ਵਖੇਵਾਂ ਸ਼ੁਰੂ ਹੁੰਦਾ ਜਾਂ ਦੁਫੇੜ ਪੈਂਦੀ ਨਜ਼ਰ ਆਉਂਦੀ ਤਾਂ ਉਸ ਦੇ ਨਿਪਟਾਰੇ ਲਈ ਸਿੱਖਾਂ ਦੇ ਸਾਹਮਣੇ ਇਕੋ ਇਕ ਵਧੀਆ ਤਰੀਕਾ ਇਹ ਸੀ ਕਿ ਉਹ ਦੋਹਾਂ ਧੜਿਆਂ ਦੀਆਂ ਪਰਚੀਆਂ ਲਿਖ ਕੇ ਤੇ ਸ੍ਰੀ ਦਰਬਾਰ ਸਾਹਿਬ ਅੱਗੇ ਅਰਦਾਸਾ ਸੋਧ ਕੇ ਇਕ ਸੰਦੂਕੜੀ ਵਿਚ ਪਾਉਂਦੇ ਤੇ ਫੇਰ ਉਹ ਸੰਦੂਕੜੀ ਕਿਸੇ ਪੰਜਾਂ ਕੁ ਵਰ੍ਹਿਆਂ ਦੇ ਅਬੋਧ ਬਾਲਕ ਪਾਸੋਂ ਖੁਲ੍ਹਵਾਉਂਦੇ ਸਨ। ਜਿਸ ਧੜੇ ਦੀ ਪਰਚੀ ਪਹਿਲਾਂ ਨਿਕਲ ਆਉਂਦੀ, ਬਸ ! ਉਹੋ ਸਰਬ ਸੰਮਤੀ ਨਾਲ ਜੇਤੂ ਕਰਾਰ ਦਿੱਤਾ ਜਾਂਦਾ ਸੀ ਤੇ ਉਸ ਫੈਸਲੇ ਉਤੇ ਕੋਈ ਕਿੰਤੂ ਨਹੀਂ ਸੀ ਕਰ ਸਕਦਾ। ਪਹਿਲਾਂ ਬਾਬਾ ਬੰਦਾ ਬਹਾਦੁਰ ਤੇ ਫੇਰ ਭਾਈ ਮਨੀ ਸਿੰਘ ਜੀ ਦੇ ਸਮੇਂ ਤਕ ਇਹੋ ਪਰਚੀ-ਸਿਸਟਮ, ਸਿੱਖ ਪੰਥ ਵਿਚ ਜਾਰੀ ਰਿਹਾ।

## ਸ੍ਰੀ ਅਕਾਲ ਤਖ਼ਤ ਦਾ ਪ੍ਰਬੰਧਕ ਢਾਂਚਾ ਸੰਨ ੧੬੦੮ ਤੋਂ ੧੭੬੨ ਤਕ :

ਸ੍ਰੀ ਗੁਰੂ ਹਰਿ ਗੋਬਿੰਦ ਜੀ ਸੰਨ ੧੬੦੮ ਤੋਂ ੧੬੨੮ ਤਕ ਆਪਣੇ ਸ਼ਾਹੀ ਦਰਬਾਰ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਥਾਨ ਪਰ ਲਗਾਉਂਦੇ ਰਹੇ। ਇਸ ਤੋਂ ਪਿਛੋਂ ਮੁਗਲ ਸਮਰਾਟ ਸ਼ਾਹ ਜਹਾਂ ਦੇ ਹੁਕਮ ਨਾਲ ਲਾਹੌਰੋਂ ਫੌਜੀ ਚੜ੍ਹਾਈ ਹੋਣ ਤੇ ਗੁਰੂ ਸਾਹਿਬ ਪਹਿਲਾਂ ਅੰਮ੍ਰਿਤਸਰੋਂ ਸ੍ਰੀ ਹਰਿ ਗੋਬਿੰਦ ਪੁਰ, ਗੁਰੂ ਸਰ ਮੇਹਰਾਜ ਤੇ ਕਰਤਾਰ ਪੁਰ (ਜਾਲੰਧਰ) ਆਦਿ ਥਾਵੀਂ ਹੁੰਦੇ ਹੋਏ ਜਦ ਸਤਿਲੁਜੋਂ ਪਾਰ ਕੀਰਤਪੁਰ ਪੁਜੇ ਤਾਂ ਇਧਰ ਸ੍ਰੀ ਦਰਬਾਰ ਸਾਹਿਬ ਸਮੇਤ ਸ੍ਰੀ ਅਕਾਲ ਤਖਤ ਉਤੇ ਮੁਗਲ ਹਕੂਮਤ ਦੀ ਸ਼ਹਿ ਨਾਲ ਸੋਢੀ ਪ੍ਰਿਥਵੀ ਚੰਦ ਦੇ ਪੁਤਰ ਮਿਹਰਵਾਨ ਦਾ ਕਬਜ਼ਾ ਹੋਣ ਪਿਛੋਂ ਸੰਨ ੧੬੯੬ ਈ: (ਮੁਤਾਬਕ ਸੰਮਤ ੧੭੫੩ ਬਿਕਰਮੀ) ਵਿਚ ਜਦ ਉਸ ਦੇ ਪੁੱਤਰ ਹਰਿ ਜੀ ਦੇ ਮਰਨ ਤੇ ਸੋਢੀ ਅੰਮ੍ਰਿਤਸਰ ਛੱਡ ਗਏ ਤਾਂ ਸੰਗਤ ਦੇ ਅਰਜ਼ ਕਰਨ ਤੇ ਸ੍ਰੀ ਦਸਮੇਸ਼ ਜੀ ਨੇ ਅਨੰਦਪੁਰੋਂ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਪੰਜ ਪਿਆਰਿਆਂ ਸਮੇਤ,ਉਥੋਂ ਦੇ ਪ੍ਰਬੰਧ ਵਾਸਤੇ ਭੇਜਿਆ, ਜਿਸ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਦਾ ਵੀ ਅੱਛਾ ਪਰਬੰਧ ਚਲ ਪਿਆ ਤੇ ਭਾਈ ਮਨੀ ਸਿੰਘ ਜੀ ਏਥੋਂ ਮਾਤਾ ਸੁੰਦਰੀ ਜੀ ਦੇ ਸਹਿਯੋਗ ਨਾਲ ਪੰਥਕ ਏਕਤਾ ਲਈ ਕਈ ਪ੍ਰਕਾਰ ਦੇ ਹੁਕਮਨਾਮੇ ਲਿਖ ਕੇ ਭਾਈ ਗੁਲਜ਼ਾਰ ਸਿੰਘ ਜੀ ਆਦਿ ਪੰਜ ਪਿਆਰਿਆਂ ਦੀ ਰਾਇ ਨਾਲ ਭੇਜਦੇ ਰਹੇ ਤੇ ਪੰਥਕ ਏਕਤਾ ਲਈ ਜਦ ਕਦੇ ਕੋਈ ਉਲਝੇਵੇਂ ਦਾ ਫੈਸਲਾ ਦੇਣਾ ਹੁੰਦਾ ਤਾਂ ਉਹ ਫੈਸਲਾ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰ ਅਰਦਾਸਾ ਸੋਧ ਕੇ ਪਰਚੀ-ਸਿਸਟਮ ਦੇ ਤਰੀਕੇ ਨਾਲ ਹੀ ਕਰਦੇ ਰਹੇ।

ਫਿਰ ਭਾਈ ਮਨੀ ਸਿੰਘ ਜੀ ਚੂੰਕਿ ਸੰਮਤ ੧੭੯੪ ਬਿ:, ਮੁਤਾਬਿਕ ਸੰਨ ੧੮੩੭ ਈ: ਵਿਚ ਮੁਗਲ ਸਰਕਾਰ ਦੇ ਹੁਕਮ ਨਾਲ ਪੰਜ ਪਿਆਰਿਆਂ ਸਮੇਤ ਸ਼ਹੀਦ ਕਰ ਦਿਤੇ ਗਏ, ਇਸ ਲਈ ਸ੍ਰੀ ਅਕਾਲ ਤਖਤ ਦੇ ਪ੍ਰਬੰਧ ਵਿਚ ਗੜਬੜ ਹੋਣੀ ਇਕ ਕੁਦਰਤੀ ਗੱਲ ਸੀ।



www.AKJ.Org

## ਖ਼ਾਲਸਾ ਦਲ, ਸਿੱਖ ਮਿਸਲਾਂ ਦੇ ਗੁਰਮਤੇ :

ਫੇਰ ਭਾਈ ਮਨੀ ਸਿੰਘ ਜੀ ਤੋਂ ਪਿਛੋਂ ਖਾਲਸਾ ਦਲ,ਬੁੱਢਾ ਦਲ, ਤਰੁਣਾ ਦਲ ਤੇ ਸਿੱਖ ਮਿਸਲਾਂ ਦੇ ਸਮੇਂ ਸਿੱਖਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦਾ ਉਹੋ ਮਹੱਤਵ ਬਾਕਾਇਦਾ ਕਾਇਮ ਰਿਹਾ ਤੇ ਸਾਰੇ ਪੰਥਕ ਫੈਸਲੇ ਸਰਬ ਸੰਮਤੀ ਨਾਲ ਏਥੇ ਹੀ ਹੁੰਦੇ ਰਹੇ ਤੇ ਜਦ ਕਦੇ ਕੋਈ ਡਾਢੀ ਅੜਚਣ ਪੇਸ਼ ਆਉਣ ਤੇ ਸਰਬ ਸੰਮਤੀ ਨਾ ਹੁੰਦੀ ਨਜ਼ਰ ਆਉਂਦੀ ਤਾਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਦੋ ਧੜਿਆਂ ਦੀਆਂ ਵੱਖੋ ਵੱਖ ਪਰਚੀਆਂ ਲਿਖ ਕੇ ਇਕ ਸੰਦੂਕੜੀ ਵਿਚ ਪਾ ਦਿਤੀਆਂ ਜਾਂਦੀਆਂ ਤੇ ਫੇਰ ਉਹ ਸੰਦੂਕੜੀ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਦੇ ਦਰਮਿਆਨ ਪੰਜ ਪਿਆਰਿਆਂ ਦੀ ਮੌਜੂਦਗੀ ਵਿਚ ਅਰਦਾਸਾ ਸੋਧ ਕੇ ਇਕ ਪੰਜ ਵਰ੍ਹਿਆਂ ਦੇ ਬੱਚੇ ਦੇ ਹਥੋਂ ਖੁਲ੍ਹਵਾਈ ਜਾਂਦੀ। ਜਿਸ ਦੀ ਪਰਚੀ ਪਹਿਲਾਂ ਨਿਕਲ ਆਉਂਦੀ, ਉਹੋ ਸਰਬ ਸੰਮਤੀ ਨਾਲ ਜੇਤੂ ਮੰਨਿਆ ਜਾਂਦਾ ਤੇ ਉਸ ਦੀ ਰਾਇ ਠੀਕ ਮੰਨੀ ਜਾਂਦੀ ਸੀ।

ਏਕਣ ਹੀ ਪਰਚੀ-ਸਿਸਟਮ ਦੀ ਤਰ੍ਹਾਂ ਉਸ ਸਮੇਂ ਕਿਸੇ ਮੁਸ਼ਕਿਲ ਮਸਲੇ ਦੇ ਹੱਲ ਕਰਨ ਵਾਸਤੇ ਗੁਰੂ ਪੰਥ ਦੀ ਸਮੁੱਚੀ ਰਾਇ ਨਾਲ ਸ੍ਰੀ ਅਕਾਲ ਤਖਤ ਤੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ, ਜਿਥੇ ਕਿ ਹੁਣ ਖੁਲ੍ਹਾ ਮੈਦਾਨ ਹੈ, ਇਕ ਕਮਰੇ ਵਿਚ ਬੈਠ ਕੇ ਪੰਥਕ ਆਗੂਆ ਵਲੋਂ ਇਤਫ਼ਾਕ ਰਾਇ ਨਾਲ ਗੁਰਮਤਾ ਸੋਧਿਆ ਜਾਂਦਾ ਸੀ। ਉਹ ਗੁਰਮਤਾ ਚਾਹੇ ਕਿਸੇ ਵੀ ਮੁਸ਼ਕਿਲ ਮਸਲੇ ਉਤੇ ਹੁੰਦਾ, ਉਸ ਵਿਚ ਸਾਰੇ ਪੰਥਕ ਜਥਿਆਂ ਦੀ ਸਰਬ-ਸੰਮਤੀ ਉਹਨਾਂ ਦੇ ਨੁਮਾਇੰਦਿਆਂ ਰਾਹੀਂ ਜ਼ਰੂਰੀ ਸੀ, ਜੋ ਹਰੇਕ ਇਕੱਤ੍ਰਤਾ ਤੋਂ ਪਹਿਲਾਂ ਹੀ ਲਾਜ਼ਮੀ ਤੌਰ ਤੇ ਪ੍ਰਾਪਤ ਕੀਤੀ ਜਾਂਦੀ ਸੀ। ਅਜਿਹੇ ਗੁਰਮਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਪਾਸ ਕੀਤੇ ਜਾਂਦੇ ਤੇ ਫਿਰ ਉਹਨਾ ਉਤੇ ਬਾਕਾਇਦਾ ਗੁਰੂ ਦਰਬਾਰ ਦੀ ਮੋਹਰ ਲਗਦੀ ਸੀ।

## ਸਿੱਖ ਮਿਸਲਾਂ ਤੇ ਸਿੱਖ ਰਾਜ ਸਮੇਂ ਸ੍ਰੀ ਅਕਾਲ ਤਖ਼ਤ ਦੀ ਹਾਲਤ :

ਸੰਨ ੧੭੩੭ ਤੋਂ ਸੰਨ ੧੭੬੨ ਤਕ ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਪੰਥਕ ਏਕਤਾ ਨੂੰ ਮੁੱਖ ਰੱਖ ਕੇ ਹਮੇਸ਼ਾ ਗੁਰੂ ਖਾਲਸੇ ਵਿਚ ਸਰਬ ਸੰਮਤੀ ਹੀ ਪ੍ਰਧਾਨ ਰਹੀ ਤੇ ਸਾਰੇ ਗੁਰਮਤੇ ਏਥੇ ਇਸੇ ਆਦਰਸ਼ ਨੂੰ ਮੁਖ ਰਖ ਕੇ ਸੋਧੇ ਜਾਂਦੇ ਰਹੇ। ਇਸ ਤੋਂ ਪਿਛੋਂ ਸੰਨ ੧੭੬੨ ਈ: ਵਿਚ ਕੁੱਪ ਰਹੀੜੇ ਦੇ ਵਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਚੂੰਕਿ ਸ੍ਰੀ ਅਕਾਲ ਤਖਤ ਸਮੇਤ ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾ ਕੇ ਤੇ ਅੰਮ੍ਰਿਤ ਸਰੋਵਰ ਮਲਬੇ ਨਾਲ ਭਰ ਕੇ ਅਪਵਿੱਤਰ ਕਰ ਗਿਆ ਸੀ, ਇਸ ਲਈ ਇਸ ਤੋਂ ਅਗਲ ਸਾਲ ਹੀ ਸਿੰਘਾਂ ਨੇ ਸਰਹੰਦ ਉਤੇ ਹਮਲਾ ਕਰ ਕੇ ਪਹਿਲਾਂ ਤਾਂ ਉਥੋਂ ਦੇ ਦੁੱਰਾਨੀ ਸੂਬੇਦਾਰ ਜ਼ੈਨ ਖ਼ਾਨ, ਤੇ ਪਿਛੋਂ ਮੁਰੰਡੇ ਦੇ ਰੰਘੜਾਂ ਨੂੰ ਮਾਰਿਆ ਤੇ ਫੇਰ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਚੋਖਾ ਧਨ ਉਗਰਾਹ ਕੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਤੇ ਫੇਰ ਸ੍ਰੀ ਅਕਾਲ ਤਖਤ ਸਾਹਿਬ ਦੀ ਨਵ-ਉਸਾਰੀ ਬੜੇ ਜਤਨਾਂ ਨਾਲ ਕੀਤੀ ਅਤੇ ਅੰਮ੍ਰਿਤ-ਸਰੋਵਰ ਨੂੰ ਵੀ ਮਲਬਾ ਕੱਢ ਕੇ ਸਾਫ਼ ਕੀਤਾ ਅਤੇ ਪਵਿੱਤਰ ਜਲ ਨਾਲ ਭਰਿਆ।

ਫੇਰ ਸਰਬੱਤ ਖ਼ਾਲਸੇ ਨੇ ਸਰਬ ਸੰਮਤੀ ਨਾਲ ਗੁਰਮਤਾ ਸੋਧ ਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਆਦਿ ਦਾ ਕੰਮ ਤਾਂ ਪੁਜਾਰੀ ਸਿੰਘਾਂ ਨੂੰ ਸੌਂਪਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਹਵਾਲੇ ਕੀਤਾ ਤਾਂ ਕਿ ਪ੍ਰਬੰਧ ਦੇ ਨੁਕਤਾ-ਨਿਗਾਹ ਤੋਂ ਕਿਸੇ ਪਾਸੇ ਕੋਈ ਗੜਬੜ ਪੈਦਾ ਨਾ ਹੋਵੇ। ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਪਹਿਲੀ ਮੰਜ਼ਲ ਸਿੱਖ ਮਿਸਲਾਂ ਦੇ ਮਿਲਵੇਂ ਸਹਿਯੋਗ ਨਾਲ ਤਿਆਰ ਹੋਈ ਤੇ ਬਾਕੀ ਉਪਰਲੀਆਂ ਚਾਰ ਮੰਜ਼ਲਾਂ ਇਸ ਤੋਂ ਪਿਛੋਂ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਬੜੇ ਇਤਕਾਦ ਨਾਲ ਬਣਵਾਈਆਂ।



www.AKJ.Org

ਸਿੱਖ ਫ਼ੌਜਾਂ ਦੇ ਮਸ਼ਹੂਰ ਜਰਨੈਲ ਸਰਦਾਰ ਹਰੀ ਸਿੰਘ ਨਲੂਏ ਨੇ ਸ੍ਰੀ ਅਕਾਲ ਤਖ਼ਤ ਦਾ ਉਪਰਲਾ ਸੁਨਹਿਰੀ ਗੁੰਬਦ ਤੇ ਬੰਗਲਾ ਤਿਆਰ ਕਰਵਾਇਆ। ਇਸੇ ਸਮੇਂ ਸਰਦਾਰ ਹਰੀ ਸਿੰਘ ਨਲੂਏ ਨੇ ਇਕ ਲੱਖ ਪੰਝੀ ਹਜ਼ਾਰ ਰੁਪਏ ਅਰਦਾਸ ਕਰਵਾ ਕੇ ਇਹ ਇੱਛਾ ਜ਼ਾਹਿਰ ਕੀਤੀ ਕਿ ਸ੍ਰੀ ਅਕਾਲ ਤਖ਼ਤ ਦੀ ਇਸ ਇਮਾਰਤ ਨੂੰ ਸਭ ਤੋਂ ਸੁੰਦਰ ਤੇ ਬਹੁਮੁੱਲੀ ਬਣਾਇਆ ਜਾਵੇ, ਪਰ ਉਸ ਦੀ ਇੱਛਾ ਸੰਨ ੧੮੩੭ ਵਿਚ ਜਮਰੌਦ (ਪਿਸ਼ਾਵਰ) ਦੇ ਜੰਗ ਸਮੇਂ ਉਸ ਦੇ ਸ਼ਹੀਦ ਹੋਣ ਕਾਰਨ ਪੂਰੀ ਨਾ ਹੋ ਸਕੀ।

## ਸ੍ਰੀ ਅਕਾਲ ਤਖ਼ਤ ਤੋਂ ਮਹਾਰਾਜਾ ਰਣਜੀਤ ਸਿੰਘ ਨੂੰ ਫ਼ਤਵਾ :

ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜਿ ਗ਼ੈਰ ਆਈਨ, ਜਿਸ ਦੇ ਸੁਪਰੀਮ ਕਮਾਂਡਰ ਅਕਾਲੀ ਫੂਲਾ ਸਿੰਘ ਜੀ ਸਨ, ਨਿਹੰਗਾਂ ਦੀ ਫ਼ੌਜ ਹੋਣ ਕਰਕੇ ਅਕਾਲ ਰਜਮੈਂਟ ਦੇ ਨਾਂ ਨਾਲ ਮਸ਼ਹੂਰ ਸੀ। ਇਸ ਫ਼ੌਜ ਦੇ ਮੁਖੀ ਹੋਣ ਦੇ ਨਾਲ ਹੀ ਉਸ ਸਮੇਂ ਬਾਬਾ ਫੂਲਾ ਸਿੰਘ ਜੀ ਸ੍ਰੀ ਅਕਾਲ ਤਖਤ ਦੇ ਜੱਥੇਦਾਰ ਵੀ ਸਨ। ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਮਹਲਾਂ ਵਿਚ ਚੂੰਕਿ ਰਾਜਪੂਤ ਤੇ ਮੁਸਲਮਾਨ ਔਰਤਾ ਵੀ ਮੌਜੂਦ ਸਨ, ਇਸ ਲਈ ਅਕਾਲੀ ਫੂਲਾ ਸਿੰਘ ਨੇ ਉਸ ਸਮੇਂ ਗੁਰੂ ਪੰਥ ਦੀ ਸਰਬ ਸੰਮਤੀ ਨਾਲ ਇਸੇ ਕਾਰਨ ਮਹਾਰਾਜ ਨੂੰ ਪਤਿਤ ਕਰਾਰ ਦੇਕੇ ਤਨਖ਼ਾਹੀਆ ਕਰਾਰ ਦਿੱਤਾ ਤੇ ਸ੍ਰੀ ਅਕਾਲ ਤਖ਼ਤ ਦੇ ਸਥਾਨ ਪਰ ਤਲਬ ਕਰਕੇ ਕੋਰੜੇ ਲਗਵਾਉਣ ਦੀ ਸਜ਼ਾ ਸੁਣਾਈ। ਪਰ ਜਦ ਮਹਾਰਾਜੇ ਨੇ ਉਹ ਸਜ਼ਾ ਅਧੀਨਗੀ ਨਾਲ ਪ੍ਰਵਾਨ ਕਰ ਲਈ ਤਾਂ ਅਕਾਲੀ ਫੂਲਾ ਸਿੰਘ ਹੋਰਾਂ ਪੰਜ ਪਿਆਰਿਆਂ ਦੀ ਸਲਾਹ ਲਈ ਤੇ ਮਹਾਰਾਜੇ ਦੀ ਨਿਮਰਤਾ ਸਹਿਤ ਅਧੀਨਗੀ ਦੇਖ, ਇਤਫ਼ਾਕ ਰਾਇ ਨਾਲ ਉਚਿਤ ਤਾੜਨਾ ਕਰ ਕੇ ਇਹ ਸਜ਼ਾ ਮਾਫ਼ ਕਰ ਦਿੱਤੀ।

## ਸੰਨ ੧੮੪੫–੪੬ ਵਿਚ ਸਿੱਖਾਂ ਦੀ ਪਹਿਲੀ ਲੜਾਈ ਤੇ ਅਕਾਲ ਤਖ਼ਤ ਉਤੇ ਅੰਗਰੇਜ਼ੀ ਕਬਜ਼ਾ :

ਇਸ ਪਿਛੋਂ ਸੰਨ ੧੮੪੫-੪੬ ਵਿਚ ਜਦ ਦਰਿਆ ਸਤਿਲੁਜ ਕੰਢੇ ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲ ਲੜਾਈ ਹੋਈ ਤਾਂ ਇਸ ਲੜਾਈ ਸਮੇਂ ਡੋਗਰਿਆਂ ਦੀ ਸਾਜ਼ਿਸ਼ ਕਾਰਨ ਅੰਗਰੇਜ਼ਾਂ ਦੀ ਫਤਹ ਹੋਣ ਤੇ, ਅੰਗਰੇਜ਼ਾਂ ਨੇ ਲਾਹੌਰ ਪਹੁੰਚਦਿਆਂ ਹੀ ਹੁਕਮਨ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਇਕ ਸਰਬਰਾਹ ਦੇ ਅਧੀਨ ਪੁਜਾਰੀਆਂ ਨੂੰ ਸੌਂਪ ਦਿਤਾ ਤੇ ਸ੍ਰੀ ਅਕਾਲ ਤਖਤ ਨਿਹੰਗਾਂ ਤੋਂ ਛਡਾਉਣ ਲਈ ਫੌਜੀ ਹਮਲਾ ਕਰ ਦਿਤਾ। ਜਿਸ ਵਿਚ ਬਹੁਤ ਸਾਰੇ ਨਿਹੰਗ ਸ੍ਰੀ ਅਕਾਲ ਤਖਤ ਦੇ ਸਾਹਮਣੇ ਹੀ ਮਾਰੇ ਗਏ ਤੇ ਇਸ ਤਰ੍ਹਾਂ ਇਹ ਪਵਿਤਰ ਰਾਜ-ਸਿੰਘਾਸਨ ਵੀ ਅੰਗਰੇਜ਼ ਹਾਕਮਾਂ ਨੇ ਸਰਕਾਰੀ ਸਰਬਰਾਹ ਦੇ ਅਧੀਨ ਪੁਜਾਰੀਆਂ ਦੇ ਹੱਥ ਹੀ ਦੇ ਦਿੱਤਾ, ਜਿਸ ਕਰਕੇ ਇਥੋਂ ਦੀ ਸਾਰੀ ਪੁਰਾਣੀ ਰਹਿਤ ਮਰਯਾਦਾ ਵਿਗਾੜ ਦਿੱਤੀ ਗਈ।

## ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ: ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਤੋਂ ਸਜ਼ਾ :

ਇਸ ਤਰ੍ਹਾਂ ਅੰਗਰੇਜ਼ੀ ਅਮਲਦਾਰੀ ਦੇ ਵਾਧੇ ਕਾਰਨ ਸ੍ਰੀ ਅਕਾਲ ਤਖ਼ਤ ਦੇ ਪੁਜਾਰੀ ਕਾਫ਼ੀ ਹੱਦ ਤਕ ਭੂਤਰ ਗਏ ਤੇ ਸਿੱਖਾਂ ਵਿਰੁਧ ਹੀ ਕਈ ਪ੍ਰਕਾਰ ਦੇ ਅਯੋਗ ਫ਼ਤਵੇ ਦੇਣ ਲੱਗ ਪਏ, ਜਿਨ੍ਹਾਂ ਵਿਚੋਂ ਇਕ ਅਯੋਗ ਫ਼ਤਵਾ ਇਹ ਸੀ ਕਿ ਸੰਨ ੧੮੮੭ ਵਿਚ ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ: ਗੁਰਮੁਖ ਸਿੰਘ ਨੂੰ ਇਕ ਜ਼ਾਤੀ ਰੰਜਸ਼ ਦੇ ਕਾਰਨ ਕੁਝ ਅਣਹੋਏ ਦੂਸ਼ਣ ਥੱਪ ਕੇ ਸ੍ਰੀ ਅਕਾਲ ਤਖਤ ਦੇ ਹੁਕਮਨਾਮੇ ਨਾਲ ਪੰਥ ਵਿਚੋਂ ਛੇਕਿਆ ਗਿਆ। ਅੰਮ੍ਰਿਤਸਰ ਦੇ ਪਿਛਾਂਹ-ਖਿੱਚੂ ਸਿੰਘ ਸਭੀਏ ਇਸ ਸਮੇਂ ਪੁਜਾਰੀਆਂ ਦਾ ਸੱਜਾ ਹੱਥ ਬਣੇ ਹੋਏ ਸਨ। ਉਨ੍ਹਾਂ ਦੀ ਇਸ ਛੇਕ-ਛਕਾਈ ਦਾ, ਸਿੱਖਾਂ ਵਿਚ ਨਵੀਂ ਜਾਗ੍ਰਿਤ ਆਉਣ ਕਰਕੇ, ਕੋਈ ਖਾਸ ਅਸਰ ਨ ਹੋਇਆ।



www.AKJ.Org

## ਸੰਨ ੧੯੧੪ ਵਿਚ ਬਜਬਜ ਘਾਟ ਤੇ ਸੰਨ ੧੯੧੯ ਵਿਚ ਜਲ੍ਹਿਆਂ ਵਾਲਾ ਦੇ ਖ਼ੂਨੀ ਕਾਂਡ :

ਸ੍ਰੀ ਅਕਾਲ ਤਖ਼ਤ ਸਾਹਿਬ ਚੂੰਕਿ ਇਸ ਸਮੇਂ ਸ੍ਰੀ ਦਰਬਾਰ ਸਾਹਿਬ ਸਮੇਤ ਅੰਗਰੇਜ਼ੀ ਏਜੰਟ ਸਰਬਰਾਹ ਦੇ ਕਬਜ਼ੇ ਵਿਚ ਸੀ, ਇਸ ਲਈ ੧੯੧੪ ਵਿਚ ਕਲਕੱਤੇ ਦੇ ਬਜਬਜ ਘਾਟ ਉਤੇ ਜਦ ਗੁਰੂ ਜਹਾਜ਼ ਦੇ ਸਿੰਘਾਂ ਪਰ ਅੰਗਰੇਜ਼ੀ ਹਕੂਮਤ ਦੇ ਹੁਕਮ ਨਾਲ ਗੋਲੀ ਚਲੀ ਤੇ ਸੰਨ ੧੯੧੯ ਵਿਚ ਜਲ੍ਹਿਆਂ ਵਾਲਾ ਬਾਗ ਸ੍ਰੀ ਅੰਮ੍ਰਿਤਸਰ ਦੇ ਸਥਾਨ ਪਰ ਇਕ ਪਬਲਿਕ ਜਲਸੇ ਉਤੇ ਜਨਰਲ ਡਾਇਰ ਨੇ ਮਸ਼ੀਨ ਗੰਨਾਂ ਦੀ ਬੁਛਾੜ ਨਾਲ ਸੈਂਕੜੇ ਬੇਦੋਸ਼ਿਆਂ ਦਾ ਖ਼ੂਨ ਕੀਤਾ ਤਾਂ ਸਰਕਾਰੀ ਸਰਬਰਾਹ ਦੇ ਕਹਿਣ ਤੇ ਸ੍ਰੀ ਅਕਾਲ ਤਖ਼ਤ ਤੋਂ ਉਨ੍ਹਾਂ ਨਿਰਦੋਸ਼ ਸਿੰਘਾਂ ਤੇ ਜਨਤਾ ਦੇ ਕਾਤਲਾਂ ਨੂੰ ਸਿਰੋਪੇ ਦਿੱਤੇ ਗਏ ਤੇ ਇਹ ਸਿਰੋਪੇ ਮਿਲਣੇ ਗੁਰਸਿੱਖੀ ਦੇ ਜਜ਼ਬਾਤ ਦੀ ਇਕ ਪ੍ਰਕਾਰ ਦੀ ਸਖਤ ਅਵਹੇਲਨਾ ਸੀ, ਜੋ ਅੰਗਰੇਜ਼ੀ ਹਕੂਮਤ ਦੇ ਨਾਜਾਇਜ਼ ਰੁਅਬ-ਦਾਬ ਕਾਰਨ ਕੀਤੀ ਗਈ।

## ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲ ਤਖ਼ਤ ਉਤੇ ਅਕਾਲੀਆਂ ਦਾ ਕਬਜ਼ਾ :

ਇਸ ਤੋਂ ਪਿਛੋਂ ਲਗ-ਪਗ ੭੫ ਸਾਲ ਗੁਜ਼ਰਨ ਤੇ ਨਵੰਬਰ ਸੰਨ ੧੯੨੦ ਵਿਚ ਸੈਂਟਰਲ ਮਾਝਾ ਖਾਲਸਾ ਦੀਵਾਨ ਕੀਰਤਨ ਗੜ੍ਹ (ਅੰਮ੍ਰਿਤਸਰ) ਤੇ ਗੜਗੱਜ ਦੀਵਾਨ ਤਰਨ ਤਾਰਨ ਦੀ ਲਗਾਤਾਰ ਜੱਦੋ ਜਹਿਦ ਕਾਰਨ ਸਿੱਖਾਂ ਨੂੰ ਕੁਝ ਹੋਸ਼ ਆਈ, ਜਿਸ ਕਰਕੇ ਗੁਰਦੁਆਰਾ ਸੁਧਾਰ ਦੇ ਮੁਖ ਮੰਤਵ ਨਾਲ ਸਰਦਾਰ ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਭਾਈ ਦੇਰਾ ਸਿੰਘ ਮਜ਼ਹਬੀ ਸਿੱਖ, ਭਾਈ ਮਤਾਬ ਸਿੰਘ, ਵੀਰ ਸਿੰਘ ਆਦਿ ਅਗਾਂਹ ਵਧੂ ਸਿੱਖਾਂ ਨੇ ਖਾਲਸਾ ਬਰਾਦਰੀ ਦੇ ਨਾਂ ਹੇਠ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਤੋਂ ਧਾਵਾ ਬੋਲਿਆ ਤੇ ਸਿਧੇ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਪਹੁੰਚ ਕੇ ਪੁਜਾਰੀਆਂ ਤੋਂ ਇਨ੍ਹਾਂ ਪਵਿਤਰ ਸਥਾਨਾਂ ਦੇ ਕਬਜੇ ਲੈ ਲਏ। ਬਸ ਫੇਰ ਕੀ ਸੀ, ਇਸ ਤਰ੍ਹਾਂ ਗੁਰਦੁਆਰਾ ਸੁਧਾਰ ਦੇ ਰੂਪ ਵਿਚ ਅਕਾਲੀ ਲਹਿਰ ਦਾ ਮੁੱਢ ਬੱਝ ਗਿਆ ਤੇ ਉਸੇ ਸਮੇਂ ਮਹੀਨਾ ਨਵੰਬਰ ਦਸੰਬਰ ੧੯੨੦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਨ ਸਰਬ ਸੰਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋ ਗਈ। ਇਹ ਪੰਥਕ ਆਗੂ, ਜਿਨ੍ਹਾਂ ਨੇ ਏਡਾ ਵੱਡਾ ਮੋਰਚਾ ਸਰ ਕੀਤਾ, ਪਰਿਵਾਰਾਂ ਸਮੇਤ ਪੱਕੇ ਸਿੱਖ, ਪੰਜਾਂ ਕਕਾਰਾਂ ਸਮੇਤ ਦਸਤਾਰ ਦੇ ਧਾਰਨੀ ਸਨ ਤੇ ਗਹਿਣੇ ਗੱਟਿਆਂ ਦਾ ਇਨ੍ਹਾਂ ਦੇ ਪਰਿਵਾਰਾ ਵਿਚ ਉੱਕਾ ਕੋਈ ਈ ਰਿਵਾਜ ਨਹੀਂ ਸ਼ੀ। ਬਸ ਫੇਰ ਇਥੋਂ ਹੀ ਇਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਚਲਾ ਕੇ ਧੀਰੇ ਧੀਰੇ ਪੰਜਾਬ ਦੇ ਸਾਰੇ ਹੀ ਗੁਰਦੁਆਰੇ ਮਹੰਤਾਂ ਤੋਂ ਛੁਡਾ ਕੇ ਪੰਥਕ ਪ੍ਰਬੰਧ ਹੇਠ ਲੈ ਆਂਦੇ।

## ਸ੍ਰੀ ਅਕਾਲ ਤਖ਼ਤ ਪਰ ਸਿਆਸੀ ਗ਼ਲਬਾ :

ਅਕਾਲੀ ਲਹਿਰ ਦੇ ਮੋਢੀ ਸਨ ਸਰਦਾਰ ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਆਦਿ, ਜਿਨ੍ਹਾਂ ਨੇ ਹਰ ਥਾਵੇਂ ਜੱਥੇ ਲਿਜਾ ਕੇ ਗੁਰਦੁਆਰੇ ਮਹੰਤਾਂ ਤੋਂ ਛੁਡਾਏ, ਪਰ ਜਦ ਇਹ ਲਹਿਰ ਚਲ ਨਿਕਲੀ ਤਾਂ ਇਸ ਪਰ ਸਿਆਸੀ ਪਖੋਂ ਕਬਜ਼ਾ ਕਰਨ ਲਈ ਬਾਬਾ ਖੜਕ ਸਿੰਘ, ਸਰਦਾਰ ਬਹਾਦਰ ਮਤਾਬ ਸਿੰਘ ਆਦਿ ਕਿਤਨੇ ਹੀ ਆਗੂ, ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਲ ਸਨ, ਧੀਰੇ ਧੀਰੇ ਇਸ ਲਹਿਰ ਵਿਚ ਆ ਰਲੇ। ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਕੁਝ ਗਰੀਬੀ ਤੇ ਦਿਮਾਗ ਦੀ ਖ਼ਰਾਬੀ ਕਾਰਨ ਪਿਛੇ ਹਟੇ ਤੇ ਸਰਦਾਰ ਕਰਤਾਰ ਸਿੰਘ ਝੱਬਰ ਹੋਰੀਂ ਵੀ ਪਤਾ ਨਹੀਂ ਕਿਉਂ ਇਕ ਪਾਸੇ ਹੋ ਗਏ। ਇਸ ਹਾਲਤ ਵਿਚ ਕੁਝ ਸਿਆਸੀ ਮੋਢੀਆਂ ਨੇ ਆਪਣਾ ਗ਼ਲਬਾ ਵਧਾਉਣ ਲਈ ਸ: ਤੇਜਾ ਸਿੰਘ ਭੁੱਚਰ ਨੂੰ ਪਹਿਲਾਂ ਤਾਂ ਉਂਜ ਹੀ ਬਹਾਨੇ ਤਰਾਸ਼ ਕੇ ਬਦਨਾਮ ਕੀਤਾ ਤੇ ਫੇਰ ਸੰਨ ੧੯੨੩ ਵਿਚ ਸ੍ਰੀ ਅਕਾਲ ਤਖ਼ਤ



www.AKJ.Org

ਸਾਹਿਬ ਦੇ ਇਕ ਹੁਕਮ-ਨਾਮੇ ਰਾਹੀਂ ਤਨਖਾਹੀਆ ਕਰਾਰ ਦੇ ਦਿੱਤਾ। ਬਸ, ਫੇਰ ਕੀ ਸੀ, ਉਹ ਵੀ ਇਸ ਰਾਹ ਵਿਚੋਂ ਪਰੇ ਹਟ ਗਏ।

ਸਰਦਾਰ ਸੁੰਦਰ ਸਿੰਘ ਜੀ ਮਜੀਠਾ ਸ਼੍ਰੋਮਣੀ ਕਮੇਟੀ ਦੇ ਪਹਿਲੇ ਪ੍ਰਧਾਨ ਸਨ, ਪਰ ਪਿਛੋਂ ਛੇਤੀ ਹੀ ਸਿਆਸਤ ਦੇ ਘੁਲਾਟੀਏ ਬਾਬਾ ਖੜਕ ਸਿੰਘ ਦੇ ਤੱਤੀਆਂ ਤਕਰੀਰਾਂ ਕਾਰਨ ਚੌਧਰੀ ਬਣਨ ਤੇ ਉਹ ਵੀ ਇਸ ਮੈਦਾਨ ਵਿਚੋਂ ਇਕ ਪਾਸੇ ਹੋ ਗਏ। ਸੰਨ ੧੯੨੧ ਤੋਂ ੧੯੩੧ ਤਕ ਬਾਬਾ ਖੜਕ ਸਿੰਘ ਜੀ ਪੰਥ ਦੇ ਬੇਤਾਜ ਬਾਦਸ਼ਾਹ ਬਣ ਕੇ ਜੱਦੋ ਜਹਿਦ ਦੇ ਇਸ ਮੈਦਾਨ ਵਿਚ ਕਾਇਮ ਰਹੇ ਤੇ ਫੇਰ ਇਹ ਮੈਦਾਨ ਮਾਸਟਰ ਤਾਰਾ ਸਿੰਘ ਦੀ ਪਾਰਟੀ ਦਾ ਜ਼ੋਰ ਪੈਣ ਤੇ ਉਨ੍ਹਾਂ ਦੇ ਹੱਥਾਂ ਵਿਚ ਚਲਾ ਗਿਆ। ਇਸ ਸਮੇਂ ਅਚਾਨਕ ਤੇਜਾ ਸਿੰਘ ਭੁੱਚਰ ਹੋਰਾਂ ਨੂੰ ਮਾਫ਼ੀ ਮਿਲਣ ਤੇ ਭਾਵੇਂ ਉਹ ਬਰੀ ਕਰਾਰ ਦੇ ਦਿੱਤੇ ਗਏ, ਪਰ ਫੇਰ ਉਹ ਅਗਵਾਈ ਦੇ ਮੈਦਾਨ ਵਿਚ ਕਿਸੇ ਹੀਲੇ ਵੀ ਅੱਗੇ ਨਾ ਆ ਸਕੇ, ਕਿਉਂਕਿ ਪੰਥਕ ਸੇਵਾ ਸੰਬੰਧੀ ਉਨ੍ਹਾਂ ਦਾ ਹੌਸਲਾ ਪਹਿਲਾਂ ਹੀ ਖ਼ਤਮ ਹੋ ਚੁਕਾ ਸੀ।

## ਗੁਰਦੁਆਰਾ ਬਿਲ ਤੇ ਸਰਬੱਤ ਖ਼ਾਲਸਾ ਕਾਨਫ੍ਰੰਸ :

ਸੰਨ ੧੯੨੫ ਵਿਚ ਜਦ ਪੰਥ ਨੂੰ ਇਤਿਹਾਸਿਕ ਗੁਰਦੁਆਰਿਆਂ ਦਾ ਅਧਿਕਾਰ ਦੇਣ ਲਈ ਸਰਕਾਰ ਵਲੋਂ ਗੁਰਦੁਆਰਾ ਬਿਲ ਤਿਆਰ ਹੋਇਆ ਤਾਂ ਸਰਬੱਤ ਖਾਲਸਾ ਕਾਨਫ੍ਰੰਸ ਨੇ, ਜੋ ਜਲ੍ਹਿਆਂ ਵਾਲੇ ਬਾਗ ਹੋਈ, ਸਰਬ ਸੰਮਤੀ ਨਾਲ ਇਹ ਬਿਲ ਠੁਕਰਾ ਦਿੱਤਾ, ਪਰ ਫੇਰ ਵੀ ਸ: ਅਮਰ ਸਿੰਘ, ਸ: ਜਸਵੰਤ ਸਿੰਘ ਤੇ ਸਰਮੁਖ ਸਿੰਘ ਝਬਾਲ ਆਦਿ ਨੇ ਆਪਣੇ ਸਾਥੀਆਂ ਸਮੇਤ ਸ੍ਰੀ ਅਕਾਲ ਤਖਤ ਦੇ ਸਥਾਨ ਪਰ ਇਕ ਪੰਥਕ ਮੀਟਿੰਗ ਬੁਲਾ ਕੇ ਇਹ ਬਿਲ ਪ੍ਰਵਾਨ ਕਰ ਲਿਆ, ਜਿਸ ਕਾਰਨ ਗੁਰਦੁਆਰਾ ਐਕਟ ਬਣਨ ਤੇ ਅਗਲੇ ਸਾਲ ਹੀ ਇਸ ਪਰ ਅਮਲੀ ਵਰਤੋਂ ਸ਼ੁਰੂ ਹੋ ਗਈ।

## ਅਕਾਲੀ ਲਹਿਰ ਤੋਂ ਪਿਛੋਂ :

ਅਕਾਲੀ ਲਹਿਰ ਦੇ ਦਿਨਾਂ ਵਿਚ ਹੀ, ਚੂੰਕਿ ਅਕਾਲੀਆਂ ਵਿਚ ਬਹੁਤ ਸਿਆਸੀ ਆਦਮੀ ਕਾਂਗ੍ਰਸ ਤੇ ਸਾਮਵਾਦੀਏ ਘੁਸ ਆਏ ਸਨ ਤੇ ਸ੍ਰੀ ਅਕਾਲ ਤਖ਼ਤ ਪਰ ਵੀ ਸਿਆਸੀ ਆਦਮੀਆਂ ਦਾ ਗ਼ਲਬਾ ਪੈਣ ਲੱਗ ਪਿਆ ਸੀ, ਜਿਸ ਕਾਰਨ ਇਸ ਦੀ ਰਹਿਤ ਮਰਯਾਦਾ ਵਿਚ ਕੁਦਰਤੀ ਤੌਰ ਤੇ ਫ਼ਰਕ ਪੈਣ ਲੱਗ ਪਿਆ। ਉਹ ਇਸ ਤਰ੍ਹਾਂ ਕਿ ਸਿੱਖ ਰਹਿਤ ਮਰਯਾਦਾ ਦੇ ਮੁਤਾਬਿਕ ਅਕਾਲੀ ਲਹਿਰ ਦੇ ਮੁੱਢ ਵਿਚ ਏਥੇ ਦਸਤਾਰ ਦੀਆਂ ਧਾਰਨੀ ਬਣਾ ਕੇ ਸਿੰਘਣੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਸੀ,ਪਰ ਫੇਰ ਗਿਆਨੀ ਗੁਰਮੁਖ ਸਿੰਘ ਜੀ'ਮੁਸਾਫ਼ਿਰ' ਦੇ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਬਣਨ ਤੇ ਛੇਤੀ ਹੀ ਇਹ ਨਿਯਮ ਹਟਾ ਦਿੱਤਾ ਗਿਆ ਤੇ ਬਿਨਾਂ ਦਸਤਾਰ ਹੀ ਸਿੰਘਣੀਆਂ ਨੂੰ ਅੰਮ੍ਰਿਤ ਛਕਾਇਆ ਜਾਣ ਲੱਗ ਪਿਆ। ਕਾਰਨ ਬਹੁਤਾ ਇਹੋ ਸੀ ਕਿ ਮੁਸਾਫਿਰ ਸਾਹਿਬ ਆਪ ਤੇ ਉਨ੍ਹਾਂ ਦੇ ਕੁਝ ਪੋਠੋਹਾਰੀਏ ਸਾਥੀ ਪਰਿਵਾਰ ਇਸ ਗੁਰਮੁਖੀ ਰਹਿਤ ਬਹਿਤ ਦੇ ਧਾਰਨੀ ਨਹੀਂ ਸਨ। ਨਤੀਜਾ ਇਸ ਦਾ ਇਹੋ ਹੋਇਆ ਕਿ ਜਿਸ ਦਸਤਾਰ ਧਾਰਨ ਦੀ ਅਲੋਪ ਹੁੰਦੀ ਜਾ ਰਹੀ ਰਹਿਤ ਨੂੰ,ਸੈਂਟਰਲ ਮਾਝਾ ਖਾਲਸਾ ਦੀਵਾਨ ਕੀਰਤਨ ਗੜ੍ਹ ਤੇ ਗੜਗੱਜ ਅਕਾਲੀ ਦੀਵਾਨ ਤਰਨ ਤਾਰਨ ਦੇ ਮੋਢੀਆਂ ਨੇ, ਜਿਨ੍ਹਾਂ ਸ਼੍ਰੋਮਣੀ ਅਕਾਲੀ ਦਲ ਕਾਇਮ ਕੀਤਾ, ਸੁਰਜੀਤ ਕਰ ਕੇ ਇਕ ਖ਼ਾਸ ਦੇਣ ਦਿਤੀ ਸੀ, ਇਹ ਮੁਢਲੀ ਸਿਖੀ ਰਹਿਤ ਮਰਯਾਦਾ ਧੀਰੇ ਧੀਰੇ ਕਤਈ ਤੌਰ ਤੇ ਹਟ ਗਈ।

## ਵਰਤਮਾਨ ਕਾਲ ਤੇ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ :

ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ, ਜੋ ਗੁਰੂ-ਪੰਥ ਵਿਚ ਮੁੱਢੋਂ ਹੀ ਬੜੀ ਅਹਿਮੀਅਤ ਰੱਖਦੇ ਹਨ,



www.AKJ.Org

ਪਿਛਲੇ ਇਸੇ ਦਹਾਕੇ ਤੋਂ, ਅਰਥਾਤ ਸੰਨ ੧੯੭੦ ਤੋਂ ੧੯੮੦ ਤਕ ਹੋਰ ਵੀ ਨਿੱਖਰਵੇਂ ਰੂਪ ਵਿਚ ਸਾਡੇ ਸਾਹਮਣੇ ਆਏ ਹਨ। ਉਨ੍ਹਾਂ ਹੁਕਮਨਾਮਿਆਂ ਵਿਚ ਦਿੱਲੀ ਦੇ ਨਕਲੀ ਨਿਰੰਕਾਰੀਆਂ ਤੇ ਵਰਤਮਾਨ ਕਾਲ ਦੇ ਅਕਾਲੀ ਆਗੂਆਂ ਵਿਚ ਏਕਤਾ ਕਾਇਮ ਕਰਨ ਲਈ ਗਿਆਨੀ ਸਾਧੂ ਸਿੰਘ ਜੀ 'ਭੌਰਾ' ਜਥੇਦਾਰ, ਗਿਆਨੀ ਕਿਰਪਾਲ ਸਿੰਘ ਜੀ, ਗਿਆਨੀ ਸੋਹਨ ਸਿੰਘ ਜੀ ਆਦਿ ਦੇ ਦਸਖਤਾਂ ਹੇਠ ਜਾਰੀ ਹੋਏ ਚਾਰ ਪੰਜ ਹੁਕਮਨਾਮੇ ਇਸ ਕਰਕੇ ਬਹੁਤੀ ਅਹਿਮੀਅਤ ਰੱਖਦੇ ਹਨ, ਕਿ ਉਨ੍ਹਾਂ ਕਾਰਨ ਪੰਥਕ ਆਗੂਆਂ ਨੂੰ ਗੁਰਸਿੱਖੀ ਦੇ ਉਜਲੇ ਭਵਿੱਖ ਲਈ ਇਕ-ਮੁੱਠ ਹੋਣ ਵਾਸਤੇ ਵਧੇਰੇ ਉਤਸ਼ਾਹ* ਪ੍ਰਾਪਤ ਹੋਇਆ ਹੈ ਤੇ ਆਸ ਹੈ ਕਿ ਇਸ ਤਰ੍ਹਾਂ ਸਿੱਖਾਂ ਵਿਚ ਪੰਥਕ ਏਕਤਾ ਲਈ ਹੋਰ ਉਤਸ਼ਾਹ ਵੀ ਵਧਦਾ ਹੀ ਰਹੇਗਾ।

*ਪੰਥਕ ਆਗੂਆਂ ਨੇ ਸ੍ਰੀ ਅਕਾਲ ਤਖਤ ਦੇ ਹੁਕਮਨਾਮਿਆਂ ਦਾ ਜੋ ਪ੍ਰਭਾਵ ਕਬੂਲਿਆ, ਤੇ ਪੰਥ ਜਿੰਨਾ ਕੁ ਇਕ-ਮੁਠ ਹੋਇਆ, ਇਹ ਸੰਗਤਾਂ ਦੇ ਸਾਹਮਣੇ ਹੈ। —ਸੰਪਾਦਿਕ

## ਖੁਦਗਰਜ਼ ਸਿਆਸਤਦਾਨਾਂ ਦੀ ਖਾਲਸਤਾਨ ਦੀ ਮੰਗ ਨਾਲ

### *ਅਖੰਡ ਕੀਰਤਨੀ ਜਥੇ ਦਾ ਸੰਬੰਧ ਨਹੀਂ*

੨੩-੩-੮੧ ਦੀ 'ਅਜੀਤ' ਅਖਬਾਰ ਵਿਚ ਖਬਰ ਛਪੀ ਹੈ ਕਿ ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਤਾਨ ਕੌਂਸਲ ਵਲੋਂ ਜਲੂਸ ਕਢਿਆ ਗਿਆ, ਜਿਸ ਵਿਚ ਨਿਹੰਗ ਸਿੰਘਾਂ ਅਤੇ ਸੰਤ ਰਣਧੀਰ ਸਿੰਘ ਜੀ ਦੇ ਜਥੇ ਦੇ ਸਿੰਘਾਂ ਨੇ ਖਾਲਸਤਾਨ ਦੇ ਝੰਡੇ ਨੂੰ ਸਲਾਮੀ ਦਿਤੀ।

ਇਸ ਸੰਬੰਧੀ ਬਿਨੈ ਹੈ ਕਿ ਅਖੰਡ ਕੀਰਤਨੀ ਜਥਾ, ਜਿਸ ਨੂੰ ਕਈ ਸਜਣ ਸੰਤ ਰਣਧੀਰ ਸਿੰਘ ਜੀ ਦਾ ਜਥਾ ਆਖਦੇ ਹਨ, ਨਿਰੋਲ ਧਾਰਮਕ ਜਥਾ ਹੈ, ਜਿਸ ਦਾ ਨਿਸ਼ਾਨਾ ਗੁਰਬਾਣੀ ਦੇ ਨਿਸ਼ਕਾਮ ਕੀਰਤਨ ਦੁਆਰਾ ਅਤੇ ਅੰਮ੍ਰਿਤ-ਪ੍ਰਚਾਰ ਦੁਆਰਾ ਸਿਖੀ ਦਾ ਪ੍ਰਚਾਰ ਕਰਨਾ ਹੈ। ਇਸ ਜਥੇ ਦਾ ਕੋਈ ਪੁਲਿਟੀਕਲ ਨਿਸ਼ਾਨਾ ਨਹੀਂ।

ਕੁਝ ਦੇਰ ਤੋਂ ਇਹ ਦੇਖਣ ਵਿਚ ਆ ਰਿਹਾ ਹੈ ਕਿ ਕੁਰਸੀ ਦੇ ਭੁਖੇ ਕੁਝ ਘਿਸੇ-ਪਿਟੇ ਸਿਆਸਤਦਾਨ ਖਾਲਸਤਾਨ ਦਾ ਨਾਅਰਾ ਦੇ ਕੇ ਅਖੰਡ ਕੀਰਤਨੀ ਜਥੇ ਦੇ ਭੋਲੇ ਭਾਲੇ ਸੂਰਬੀਰ ਸਿੰਘਾਂ ਦੀ ਪੰਥ ਤੋਂ ਆਪਾ ਨਿਛਾਵਰ ਕਰਨ ਦੀ ਭਾਵਨਾ ਦਾ ਅਯੋਗ ਲਾਭ ਉਠਾ ਕੇ ਇਕੜ-ਦੁਕੜ ਸਿੰਘਾਂ ਨੂੰ ਭੁਚਲਾ ਰਹੇ ਹਨ।

ਸੋ ਅਖੰਡ ਕੀਰਤਨੀ ਜਥੇ ਦੀ ਕੇਂਦਰੀ ਸੰਸਥਾ ਵਲੋਂ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੁਰਸੀ ਦੇ ਭੁਖੇ ਖ਼ੁਦਗਰਜ਼ ਸਿਆਸਤਦਾਨਾਂ ਵਲੋਂ ਕੀਤੀ ਗਈ ਖਾਲਸਤਾਨ ਦੀ ਮੰਗ ਨਾਲ ਅਖੰਡ ਕੀਰਤਨੀ ਜਥੇ ਦਾ ਕੋਈ ਸੰਬੰਧ ਨਹੀਂ ਹੈ।

ਜਥੇ ਦੇ ਸਮੂਹ ਸਿੰਘਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕਿਸੇ ਪੁਲਟੀਕਲ ਪਾਰਟੀ ਨਾਲ ਆਪਣੇ ਆਪ ਨੂੰ ਸੰਬੰਧਤ ਨਾ ਕਰਨ।

ਰਾਮ ਸਿੰਘ

ਜਥੇਦਾਰ, ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ)

ਹੇਠਾਂ ਫੁਟ ਨੋਟ ਵੇਖੋ—

## ਮਾਸਕ ਰੈਣ ਸਬਾਈ ਪਿੰਡ ਖਟੜਾ (ਲੁਧਿਆਣਾ) ਵਿਖੇ

੪ ਅਪ੍ਰੈਲ ੮੧ ਸ਼ਨੀਵਾਰ ਨੂੰ ਭਾਈ ਰੱਖਾ ਸਿੰਘ ਜੀ ਖਾਲਸਾ ਦੀ ਯਾਦ ਵਿਚ ਸੰਗਤਾਂ ਵਲੋਂ ਉਨ੍ਹਾਂ ਦੇ ਪਿੰਡ ਖਟੜਾ ਗੁਰਦਵਾਰਾ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਏ ਜੁੜੋ ਅਤੇ ਭਾਈ ਸਾਹਿਬ ਨਮਿਤ ਅਰਦਾਸ ਵਿਚ ਸ਼ਾਮਲ ਹੋਵੋ ਜੀ। ਮੰਡੀ ਅਹਿਮਦਗੜ੍ਹ, ਮੰਡੀ ਖੰਨਾ ਅਤੇ ਲੁਧਿਆਣਾ ਤੋਂ ਬਸ ਸਰਵਿਸ ਆਮ ਮਿਲਦੀ ਹੈ। ਪੁਛ ਗਿਛ—ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕਘਰ ਲੋਹਟਵਦੀ (ਸੰਗਰੂਰ)



ਜਥੇ ਤੋਂ ਵਾਹਰਾ ਹੋ ਕੇ ਵਿਚਰਨ ਵਾਲਾ ਆਪਣੀਆਂ ਹਰਕਤਾਂ ਦਾ ਆਪ ਜ਼ਿਮੇਵਾਰ ਹੋਵੇਗਾ।

www.AKJ.Org

# ਸਿੱਖ ਦਾ ਗੁਰੂ ਨਾਲ ਇਕਰਾਰ

ਵਲੋਂ—ਮਾਸਟਰ ਮਾਘ ਸਿੰਘ ਜੀ 'ਪਿਆਰ' ਬੈਕੋਂਕ ਵਾਲੇ

ਸੋਲ੍ਹਾਂ ਸੌ ਨੜਿੰਨਵੇਂ ਕੇਸਗੜ੍ਹ ਤੇ, ਦਸਵੇਂ ਪਿਤਾ ਨੇ ਹੱਥ ਤਲਵਾਰ ਲੈ ਕੇ।
ਜਦੋਂ ਸਿਖ ਤੋਂ ਸੀਸ ਦੀ ਫ਼ੀਸ ਮੰਗੀ, ਪੰਜ ਨਿਤਰੇ ਗੁਰੂ ਪਿਆਰ ਲੈ ਕੇ।
ਓਦੋਂ ਧਰਤ ਪੰਜਾਬ ਨੂੰ ਕਰ ਕਾਗਜ਼, ਸਿਆਹੀ ਖ਼ੂਨ ਤੇ ਕਲਮ ਕਟਾਰ ਲੈ ਕੇ।
ਕਿਸਮਤ ਕੌਮ ਦੀ ਲਿਖੀ ਸੀ ਨਵੇਂ ਸਿਰਿਓਂ, ਗੁਰਾਂ ਸਿੱਖ ਤੋਂ ਇਹ ਇਕਰਾਰ ਲੈ ਕੇ।

ਤਨ ਮਨ ਤੇ ਧਨ ਹੈ ਗੁਰੂ ਤੇਰਾ, ਜਾਨ ਦੇਣ ਤੋਂ ਨਾਂਹ ਨਾ ਕਰਾਂਗਾ ਮੈਂ।
ਸੀਸ ਤਲੀ ਤੇ ਰਖ ਤਿਆਰ ਹਰਦਮ, ਤੇਰੀ ਸੱਦ ਅੰਦਰ ਸਦਾ ਰਹਾਂਗਾ ਮੈਂ।

ਛੇਤੀ ਹੀ ਕੁਝ ਸਮੇਂ ਪਿਛੋਂ :—

ਸਿਖ ਕੰਬਿਆ ਭੁਖ ਦੇ ਦੁਖ ਕੋਲੋਂ, ਜਦੋਂ ਦਲਾਂ ਦੇ ਪਏ ਘਮਸਾਨ ਆ ਕੇ।
ਸਹੀਆਂ ਪਾਂ ਬੇਦਾਵਿਆਂ ਦੇ ਗਿਆ ਉਹ, ਭੈੜੀ ਮੌਤ ਤੋਂ ਕਾਇਰਤਾ ਕਾਨ ਖਾ ਕੇ।
ਐਪਰ ਗੁਰਾਂ ਨੇ ਝਟ ਉਪਾ ਕੀਤਾ, ਖ਼ੂਨੇ ਜਿਗਰ ਦੇ ਚਾਰ ਨਿਸ਼ਾਨ ਲਾ ਕੇ।
ਦਿਤੇ ਭੇਜ ਚਮਕੌਰ ਸਰਹੰਦ ਦੋ ਦੋ, ਸੈਨਾਪਤੀ ਸਾਲਾਰ ਮਹਾਨ ਧਾ ਕੇ।

ਨਾਲੇ ਆਖਿਆ ਖ਼ਾਲਸਾ ਜੋ ਹੋਸੀ, ਅੰਗ ਸੰਗ ਹੋ ਕੇ ਸਦਾ ਰਹਾਂਗਾ ਮੈਂ।
ਰੂਪ ਖਾਲਸਾ ਰੂਪ ਹੈ ਖ਼ਾਸ ਮੇਰਾ, ਦੁਖ ਸੁਖ ਵੀ ਨਾਲ ਹੀ ਸਹਾਂਗਾ ਮੈਂ।

ਸਿਖ ਨੂੰ ਸਮਝ ਆਉਣੀ :—

ਜਦੋਂ ਸਿਖ ਚਮਕੌਰ ਸਰਹੰਦ ਤੱਕੇ, ਕੀਤੇ ਕਰਮ ਤੇ ਬਹੁਤ ਪਛਤਾ ਗਿਆ ਉਹ।
ਭਵਾਂ ਤਣ ਗਈਆਂ, ਡੌਲੇ ਫੜਕ ਉਠੇ, ਜੋਸ਼ ਆਖਰਾਂ ਦਾ ਓਦੋਂ ਖਾ ਗਿਆ ਉਹ।
ਖ਼ੂਨ ਨਾਲ ਬੇਦਾਵੇ ਨੂੰ ਧੋਣ ਖ਼ਾਤਰ, ਮੁੜ ਕੇ ਢਾਬ ਖਿਦਰਾਣੇ ਤੇ ਆ ਗਿਆ ਉਹ।
ਜਿਸ ਮੌਤ ਕੋਲੋਂ ਡਰ ਕੇ ਨਠਿਆ ਸੀ, ਓਸੇ ਮੌਤ ਉਤੇ ਫਤਹ ਪਾ ਗਿਆ ਉਹ।

ਓਥੇ ਆ ਫਿਰ ਉਸ ਇਕਰਾਰ ਕੀਤਾ, ਕਦੇ ਭੁਲਾਂ ਦੇ ਵਹਿਣ ਨ ਵਹਾਂਗਾ ਮੈਂ।
ਤੇਰੇ ਪੂਰਨੇ ਪਾਇਆਂ ਤੇ ਸਦਾ ਸਤਿਗੁਰ, ਦ੍ਰਿੜ੍ਹ ਮਨ ਕਰਕੇ ਚਲਦਾ ਰਹਾਂਗਾ ਮੈਂ।

ਹਦ ਆਖ਼ਰੀ ਓਹ ਇਕਰਾਰ ਦੀ ਸੀ, ਬਾਜੀ ਜਾਨ ਦੀ ਸਿਖ ਨੇ ਲਾ ਦਿਤੀ।
ਚਿੜੀਆਂ ਬਾਜ਼ ਹੰਕਾਰ ਦੇ ਭਖ ਖਾਧੇ, ਲਖਾਂ ਨਾਲ ਵੀ ਜਿੰਦ ਲੜਾ ਦਿਤੀ।
ਕਾਸ਼ੀ ਮੋੜ ਲਈ ਕਾਅਬੇ ਦੇ ਰਾਹ ਜਾਂਦੀ, ਗਜ਼ਨੀ ਵਿਕਦੀ ਆਨ ਬਚਾ ਦਿਤੀ।
ਝੰਡੇ ਖ਼ਾਲਸਾ ਜਾ ਜਮਰੌਦ ਝੂਲੇ, ਦੇਸ਼ ਕੌਮ ਦੀ ਰਖ ਵਿਖਾ ਦਿਤੀ।

ਸਦਾ ਲਈ ਹੈ ਸਿਖ ਦਾ ਇਹ ਦਾਅਵਾ, ਸਨਮੁਖ ਹੋਇ ਕੇ ਜੂਝਦਾ ਰਹਾਂਗਾ ਮੈਂ।
ਦੇਸ਼ ਕੌਮ ਤੇ ਧਰਮ ਆਜ਼ਾਦ ਰਹਿਸੀ, ਇਹਦੀ ਰਖਿਆ ਲਈ ਲੂਝਦਾ ਰਹਾਂਗਾ ਮੈਂ।



www.AKJ.Org

# ਵਿਸਾਖੀ

ਗਿਆਨੀ ਸਰੂਪ ਸਿੰਘ ਜੀ ਦਰਵੇਸ਼, ਖੰਨਾ

ਮੁਗਲ ਰਾਜ ਦੇ ਜ਼ੁਲਮ ਨੂੰ ਵੇਖ ਕੇ ਤੇ, ਪੰਥ ਅੱਡ ਹੀ "ਸੂਰਾ" ਸਜਾਇ ਦਿੱਤਾ।
੧੬੯੯ ਵਿਸਾਖੀ ਦਾ ਦਿਨ ਚੜ੍ਹਿਆ, ਦੀਵਾਨ ਸਜਾਉਣ ਲਈ ਮੁਖੋਂ ਫੁਰਮਾਇ ਦਿੱਤਾ।
ਸੋਹਣੀ ਚਾਨਣੀ ਲਾ ਕਨਾਤ ਤਾਈਂ, ਗਿਣਤੀ ਭਾਰੀ 'ਚ ਸਿੱਖਾਂ ਬੁਲਾਇ ਦਿੱਤਾ।
ਬੈਠੇ ਸੋਂਹਵਦੇ ਗੁਰੂ ਜੀ ਚੰਦ ਵਾਗੂੰ, ਸਿੱਖ ਤਾਰਿਆਂ ਸੀਸ ਨਿਵਾਇ ਦਿੱਤਾ।
ਨਾਲ ਗੰਭੀਰਤਾ ਪਰ ਜਾਹੋ-ਜਲਾਲ ਵਿਚੋਂ, 'ਸੀਸ ਇਕ ਦੀ ਲੋੜ' ਅਲਾਇ ਦਿੱਤਾ।

ਢਿੱਲੇ ਮੱਠੇ ਸੀ ਡਰ ਗਏ ਤੁਰਤ ਤਦੋਂ, ਹੌਲੀ ਹੌਲੀ ਨੇ ਖਿਸਕ ਕੇ ਜਾਣ ਲੱਗੇ।
ਇਸ ਗੱਲ ਤੋਂ ਭੁਲੇ ਅਨਜਾਣ ਸੀਗੇ, ਕੌਤਕ ਗੁਰੂ ਜੀ ਕੋਈ ਵਰਤਾਣ ਲੱਗੇ।
ਵਾਰੋ ਵਾਰੀ ਨੇ ਸੀਸ ਸੀ ਪੰਜ ਮੰਗੇ, ਲਹੂ ਲਿਬੜੀ ਤੇਗ ਵਿਖਾਣ ਲੱਗੇ।
ਦਯਾ, ਧਰਮ ਤੇ ਸਾਹਿਬ ਸੀ ਮੁਹਕਮ ਚਾਰੇ, ਹਿੰਮਤ ਸਿੰਘ ਨੂੰ ਨਾਲ ਰਲਾਣ ਲੱਗੇ।
ਸਾਨੂੰ ਲਗਦੀ ਜਿੰਦ ਤੋਂ ਤੇਗ ਪਿਆਰੀ, ਪੰਜੇ ਬੋਲ ਕੇ ਗੁਰਾਂ ਸੁਨਾਣ ਲੱਗੇ।

ਪੰਜਾਂ ਤਾਈਂ ਲੈ ਜਾਇ ਕੇ ਵਿਚ ਤੰਬੂ, ਚੋਜ ਹੋਰ ਹੀ ਹੋਰ ਵਰਤਾਉਣ ਲੱਗੇ।
'ਅੰਮ੍ਰਿਤ' ਬਾਟੇ ਦੇ ਵਿਚ ਤਿਆਰ ਕਰ ਕੇ, 'ਸ਼ੇਰ' ਗਿਦੜਾਂ ਤਾਈਂ ਬਣਾਉਣ ਲੱਗੇ।
ਪੰਜ ਬਾਣੀਆਂ ਪੜ੍ਹ ਕੇ ਫੇਰ ਖੰਡੇ, ਅਮਰ ਕਰਨ ਨੂੰ ਅੰਮ੍ਰਿਤ ਛਕਾਉਣ ਲੱਗੇ।
ਬੀਰ ਰਸ ਸੀ ਭਰਿਆ ਗੁਰੂ ਸੱਚੇ, ਚਿੜੀਆਂ ਕੋਲੋਂ ਸੀ ਬਾਜ਼ ਤੁੜਾਉਣ ਲੱਗੇ।
ਮਾਤਾ ਸਾਹਿਬ ਜੀ ਵੇਖ ਕੇ ਤੁਰਤ ਆਏ, ਨਾਲ ਮਿੱਠਤ ਦੇ ਤਾਈਂ ਮਿਲਾਉਣ ਲੱਗੇ।

ਪੰਜਾਂ ਕੋਲੋਂ ਹੀ ਅੰਮ੍ਰਿਤ ਸੀ ਪਾਨ ਕਰ ਕੇ, ਆਪੇ ਗੁਰੂ ਤੇ ਚੇਲਾ ਕਹਾਉਣ ਲੱਗੇ।
ਫੇਰ ਗੁਰੂ ਜੀ ਰੰਗ ਤੇ ਪ੍ਰੇਮ ਅੰਦਰ, ਪੰਥ ਖਾਲਸਾ ਸਾਜ ਫੁਰਮਾਉਣ ਲੱਗੇ।
ਰਹਿਤ ਰਖਣੀ ਲਾਜ਼ਮੀ ਸਿੰਘ ਤਾਈਂ, ਰਹਿਤ ਰਖਣੀ ਆਪ ਸੁਨਾਉਣ ਲੱਗੇ।
ਪੰਜਾਂ ਬਾਣੀਆਂ ਦਾ ਨਿਤਨੇਮ ਕਰਨਾ, ਇਹੋ ਸਿੰਘਾਂ ਨੂੰ ਗੁਰੂ ਸਮਝਾਉਣ ਲੱਗੇ।
ਨੇਕ ਨੀਅਤ, ਸੰਤੋਖ ਤੇ ਨਿਮ੍ਰਤਾ ਦਾ, ਸਿੰਘਾਂ ਪ੍ਰੇਮੀਆਂ ਪਾਠ ਪੜ੍ਹਾਉਣ ਲੱਗੇ।

ਸਿੰਘ ਸੋਈ ਜੋ ਵੇਖ ਅਨਿਆਇ ਤਾਈਂ, ਆਪਣੇ ਆਪ ਹੀ ਝੱਟ ਕੁਰਬਾਨ ਹੋਵੇ।
ਰਹਿਣੀ ਰਹੇ ਜੋ ਸੋਈ ਹੈ ਸਿੱਖ ਮੇਰਾ, ਸਜੀ ਗਾਤਰੇ ਸੋਹਣੀ ਕਿਰਪਾਨ ਹੋਵੇ।
ਮਾਰੂ ਨਸ਼ਿਆਂ ਕੋਲ ਨਾ ਮੂਲ ਜਾਵੇ, ਹਾਣ ਲਾਭ ਦਾ ਸਦਾ ਗਿਆਨ ਹੋਵੇ।
ਦੁੱਖੀ ਦਰਦੀਆਂ ਨਾਲ ਪ੍ਰੇਮ ਕਰ ਕੇ, ਉੱਚੀ ਕਰਦਾ ਸਿਖੀ ਦੀ ਸ਼ਾਨ ਹੋਵੇ।
ਤਨੋਂ ਮਨੋਂ ਤੇ ਧਨੋਂ ਹੀ ਕਰੇ ਸੇਵਾ, ਸਿਮਰਨ ਕਰਨਾ ਸਦਾ ਜ਼ਬਾਨ ਹੋਵੇ।

ਰਹਿਤ ਬਹਿਤ ਵਿਚ ਸਦਾ ਪ੍ਰਪਕ ਰਹਿ ਕੇ, ਪਖੰਡਾਂ, ਭਰਮਾਂ ਨੂੰ ਦਿਲੋਂ ਕਢਾਓ ਛੇਤੀ।
ਸਿਮਰਨ ਕਰਦੇ ਹੋਣ ਜੇ ਸਿੱਖ ਭੋਰੇ, ਓਥੇ ਭਜ ਕੇ ਤੁਸੀਂ ਭੀ ਜਾਓ ਛੇਤੀ।
ਥਾਂ ਥਾਂ ਤੇ ਅੰਮ੍ਰਿਤ-ਸੰਚਾਰ ਕਰ ਕੇ, ਫ਼ਰਜ਼ ਆਪਣਾ ਤੁਸੀਂ ਨਿਭਾਓ ਛੇਤੀ।
ਨਾਮ ਜਪ ਕੇ ਜੀਵਨ ਨੂੰ ਕਰੋ ਸੁਫਲਾ, ਆਪ ਜਪੋ ਤੇ ਅਵਰ ਜਪਾਓ ਛੇਤੀ।
ਬਖ਼ਸ਼ਸ਼ ਬਖ਼ਸ਼ੀ ਹੈ ਸਿੱਖੀ ਦੀ ਗੁਰੂ ਮੇਰੇ, 'ਦਰਵੇਸ਼' ਬਣ ਕੇ ਦਿਲੀਂ ਵਸਾਓ ਛੇਤੀ।


www.AKJ.Org

# ਵੈਸਾਖੁ ਸੁਹਾਵਾ ਤਾ ਲਗੈ ਜਾ ਸੰਤੁ ਭੇਟੈ ਹਰਿ ਸੋਇ

ਬੀਬੀ ਦਲਜੀਤ ਕੌਰ ਜੀ ਅੰਮ੍ਰਿਤਸਰ

ਵੈਸਾਖਿ ਧੀਰਨਿ ਕਿਉ ਵਾਢੀਆ, ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ, ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ, ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ, ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ, ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ, ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ, ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ, ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ, ਜਾ ਸੰਤੁ ਭੇਟੈ ਹਰਿ ਸੋਇ ॥੩॥

[ਬਾਰਹਮਾਹਾ ਮਾਂਝ ਮਹਲਾ ੫, ਪੰਨਾ ੧੩੩-੩

ਵੈਸਾਖ ਮਹੀਨੇ ਦੁਆਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਸ ਰਹੇ ਹਨ ਕਿ ਜਿਹੜੇ ਪ੍ਰਾਣੀ ਹਰੀ ਸਜਣ ਪ੍ਰਭੂ ਤੋਂ ਵਿਛੜੇ ਹੋਏ ਹਨ ਉਹ ਮਾਇਆ ਖ਼ਾਤਰ ਹੀ ਝੂਠੇ ਧੰਧਿਆਂ ਵਿਚ ਖਜਲ ਖੁਆਰ ਹੋ ਰਹੇ ਹਨ। ਇਹ ਇਸਤ੍ਰੀ ਤੇ ਧੀਆਂ ਪੁਤਰ, ਜਿਨ੍ਹਾਂ ਦੇ ਝੂਠੇ ਮੋਹ ਵਿਚ ਪ੍ਰਾਣੀ ਉਲਝ ਕੇ ਖੁਆਰ ਹੁੰਦਾ ਹੈ, ਅੰਤ ਵੇਲੇ ਸਹਾਈ ਨਹੀਂ ਹੋਣੇ।

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੋ ਪ੍ਰੀਤਮ ਦੀ ਚਰਨੀਂ ਲਗਦੇ ਹਨ, ਜੋ ਸੰਤ ਸਤਿਗੁਰੂ ਨੂੰ ਭੇਟਦੇ ਹਨ, ਉਹ ਨਿਰਮਲ ਸੋਭਾ ਵਾਲੇ ਹਨ ਅਤੇ ਉਨ੍ਹਾਂ ਦਾ ਹੀ ਸਭ ਕੁਝ ਸਫਲ ਹੈ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਵੈਸਾਖ ਦੇ ਮਹੀਨੇ ਦੇ ਪਹਿਲੇ ਵੈਸਾਖੀ ਵਾਲੇ ਦਿਨ, ਗੁਰਸਿਖ ਸੰਗਤਾਂ ਨੂੰ ਪ੍ਰੀਤਮ ਪ੍ਰਭੂ ਦੀ ਚਰਨੀਂ ਲਾਉਣ ਲਈ ਮਹਾਨ ਕੌਤਕ ਰਚਿਆ। ਇਸ ਦਿਨ ਨੂੰ ਮਹਾਨ ਪੁਰਬੀ ਦਿਨ ਦੀ ਮਹਾਨਤਾ ਬਖ਼ਸ਼ੀ ਅਤੇ ਖ਼ਾਲਸੇ ਨੂੰ ਪ੍ਰਗਟ ਕੀਤਾ। ਆਪ ਨੇ ਇਹ ਗੱਲ ਰੋਸ਼ਨ ਕਰ ਦਿਤੀ ਕਿ ਵਾਹਿਗੁਰੂ ਦੀ ਪ੍ਰਾਪਤੀ ਲਈ ਪੂਰੇ ਸਤਿਗੁਰੂ ਨੂੰ ਭੇਟਣਾ ਹੈ ਅਤੇ ਪੂਰਾ ਸਤਿਗੁਰੂ ਭੇਟਿਆ ਜਾਣਾ ਹੈ ਪੰਚਾਂ ਦੁਆਰਾ ਅੰਮ੍ਰਿਤ-ਬਾਟੇ ਤੋਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਕੇ, ਨਾਮ-ਅੰਮ੍ਰਿਤ ਦੀ ਗੁੜ੍ਹਤੀ ਲੈ ਕੇ। ਨਾਮ-ਅੰਮ੍ਰਿਤ ਦੀਆਂ ਕਮਾਈਆਂ ਕਰ ਕੇ ਹੀ ਹਰੀ ਪ੍ਰਭੂ ਸੰਤ ਦੀ ਪ੍ਰਾਪਤੀ ਹੋ ਸਕਦੀ ਹੈ।

੧੬੯੯ ਈਸਵੀ ਦੀ ਵੈਸਾਖੀ ਨੂੰ ਕਲਗੀਧਰ ਪਿਤਾ ਜੀ ਨੇ ਸਿਖ ਸੰਗਤਾਂ ਦੇ ਬਹੁਤ ਭਾਰੀ ਇਕੱਠ ਵਿਚੋਂ ਪੰਜ ਸਿੰਘ ਜੋ ਤਲਵਾਰ ਦੀ ਧਾਰ ਤੇ ਪਰਖੇ, ਉਹ ਸਨ–

੧. ਭਾਈ ਦਯਾ ਸਿੰਘ ਜੀ (ਛਤ੍ਰੀ) ਲਾਹੌਰ ਦੇ ਵਾਸੀ।
੨. ਭਾਈ ਧਰਮ ਸਿੰਘ ਜੀ (ਜਾਟ) ਹਸਤਨਾਪੁਰ ਦੇ ਵਾਸੀ।
੩. ਭਾਈ ਮੁਹਕਮ ਸਿੰਘ ਜੀ (ਛੀਂਬਾ) ਦਵਾਰਕਾ ਦੇ ਵਾਸੀ।
੪. ਭਾਈ ਸਾਹਿਬ ਸਿੰਘ ਜੀ (ਨਾਈ) ਬਿਦਰ ਦੇ ਵਾਸੀ।
੫. ਭਾਈ ਹਿੰਮਤ ਸਿੰਘ ਜੀ (ਝੀਵਰ) ਜਗਨਨਾਥ ਪੁਰੀ ਦੇ ਵਾਸੀ।

ਸਤਿਗੁਰੂ ਜੀ ਨੇ ਇਨ੍ਹਾਂ ਦੀ ਚੋਣ ਕਰ ਕੇ ਬਚਨ ਕੀਤਾ ਕਿ ਤੁਸਾਂ ਆਪਣੇ ਸੀਸ ਅਰਪਣ ਕਰ ਕੇ ਸਿੱਖੀ ਦਾ ਬੀਜ ਬੀਜ ਦਿਤਾ ਹੈ। ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ–



www.AKJ.Org

ਅਸਿ ਪ੍ਰਵੇਸ਼ ਕਰਿ ਕੋਸ ਮਹਿ, ਕ੍ਰਿਪਾ ਢਰੇ ਜੁਗ ਨੈਨ।
ਗਹਿ ਗਹਿ ਅੰਗ ਲਗਾਇ ਤਿਨ, ਰੁਚਿਰ ਸੁਖਦ ਕਹਿ ਬੈਨ।
'ਮਮ ਸਰੂਪ ਤੁਮ ਅਬ ਭਏ, ਹੌਂ ਭਾ ਤੁਮਹਿ ਸਰੂਪ।
ਬ੍ਰਹਮ ਗਯਾਨ ਰਿਦੈ ਦਿਢ ਹ੍ਵੈ, ਪਦ ਅਤਿ ਲੀਨ ਅਨੂਪ।
ਸਭਿਨਿ ਸੁਨਾਵਨਿ ਕਾਰਨੇ, ਊਚੇ ਕੀਨਿ ਬਖਾਨ।
ਰਾਖਯੋ ਸਿਖੀ ਬੀਜ ਜਗਿ, ਅੰਗਦ ਗੁਰੂ ਸਮਾਨ।
ਸਭਿ ਸੰਗਤ ਕੇ ਤਾਰਬੇ, ਸਮਰਥ ਭਏ ਇਹ ਪੰਚ।
ਜਾਨਹੁ ਮੋਹਿ ਸਮਾਨ ਤਿਨ, ਭੇਦ ਰਹਯੋ ਨਹਿ ਰੰਚ।

[ਜਿਲਦ ੧੨, ਪੰ: ੫੦੫੩

ਸਤਿਗੁਰੂ ਜੀ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰਨ ਖ਼ਾਤਰ ਸਰਬ ਲੋਹ ਦਾ ਬਾਟਾ ਤੇ ਖੰਡਾ ਮੰਗਵਾਇਆ ਅਤੇ ਪਵਿਤਰ ਜਲ ਮੰਗਵਾਇਆ। ਬੰਦ ਤੰਬੂ ਵਿਚ ਅੰਮ੍ਰਿਤ-ਬਾਟੇ ਦੀ ਤਿਆਰੀ ਹੋ ਰਹੀ ਸੀ ਜੁ ਮਾਤਾ ਸਾਹਿਬ ਕੌਰ ਜੀ ਆ ਗਏ। ਉਨ੍ਹਾਂ ਨੇ ਆ ਕੇ ਇਸ ਅੰਮ੍ਰਿਤ-ਬਾਟੇ ਵਿਚ ਆਪਣੇ ਵਲੋਂ ਪਤਾਸੇ ਪਾ ਦਿਤੇ। ਸਾਹਿਬਾਂ ਫੁਰਮਾਇਆ, ਤੁਸਾਂ ਪਤਾਸੇ ਪਾ ਕੇ ਖ਼ਾਲਸੇ ਵਿਚ ਮਿਠਾਸ ਭਰ ਦਿਤੀ ਹੈ, ਇਸ ਨਾਲ ਗੁਰਸਿਖਾਂ ਦਾ ਪਿਆਰ ਬਣੇਗਾ। ਸਾਹਿਬਾਂ ਨੇ ਪੰਜ ਬਾਣੀਆਂ ਦਾ ਪਾਠ ਕਰ ਕੇ ਅੰਮ੍ਰਿਤ-ਬਾਟੇ ਵਿਚ ਅੰਮ੍ਰਿਤ-ਬਾਣੀ ਦੀ ਪਾਰਸ-ਕਲਾ ਵਰਤਾ ਦਿਤੀ ਅਤੇ ਵਾਰੋ ਵਾਰੀ ਪੰਜਾਂ ਹੀ ਸਿੰਘਾਂ ਨੂੰ ਅੰਮ੍ਰਿਤ ਦੀ ਦਾਤਿ ਬਖ਼ਸ਼ ਕੇ ਅੰਮ੍ਰਿਤ-ਨਾਮ ਨਾਲ ਸਰਸ਼ਾਰ ਕਰ ਦਿਤਾ। ਉਨ੍ਹਾਂ ਨੂੰ '**ਪਿਆਰੇ**' ਹੋਣ ਦਾ ਵਰ ਪ੍ਰਦਾਨ ਕਰ ਕੇ ਆਪਣੇ ਗਲੇ ਲਗਾਇਆ ਅਤੇ ਸੰਗਤ ਵਿਚ ਲਿਆ ਕੇ ਜਦ ਦਰਸ਼ਨ ਕਰਾਏ ਤਾਂ ਸੰਗਤਾਂ ਉਨ੍ਹਾਂ ਦੇ ਅਨੂਠੇ ਰੰਗ ਵੇਖ ਕੇ ਅਚਰਜ ਹੋ ਗਈਆਂ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀਆਂ ਧੁਨੀਆਂ ਨਾਲ ਅਕਾਸ਼ ਗੂੰਜ ਉਠਿਆ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ–

ਵਾਹਿਗੁਰੂ ਜੀ ਕਾ ਭਯੋ ਖਾਲਸਾ ਸੁ ਨੀਕਾ ਅਤਿ, ਵਾਹਿਗੁਰੂ ਜੀ ਕੀ ਮਿਲਿ ਫਤੇ ਸੋ ਬੁਲਾਈ ਹੈ।
ਪੀਰ ਪਾਤਸਾਹ ਕਰਾਮਾਤੀ ਜੇ ਅਪਰ ਪੰਥ, ਹਿੰਦੂ ਕਿ ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ।
ਤੀਸਰਾ ਮਜ਼ਬ ਦੇਖਿ ਕੇ ਅਜਬ ਮਹਾਂ, ਬੈਰੀ ਕੇ ਗਜ਼ਬ ਪਰਯੋ ਛੀਨੇ ਠਕਰਾਈ ਹੈ।
ਧਰਮ ਸਥਾਪਬੇ ਕੋ ਪਾਪਨ ਕੇ ਖਾਪਬੇ ਕੋ, ਗੁਰੂ ਜਾਪਬੇ ਕੋ ਨਈ ਰੀਤਿ ਯੋਂ ਚਲਾਈ ਹੈ।
ਦੋਹਰਾ–ਇਸ ਬਿਧਿ ਪੰਚਹੁ ਸਿੰਘ ਕੋ, ਖੰਡੇ ਪਾਹੁਲ ਦੀਨਿ।
ਵਹਿਰ ਬੇਖ, ਉਰ ਗਯਾਨ ਦੇ, ਅਪਨੇ ਸਮਸਰ ਕੀਨਿ।

[ਗੁਰ ਪ੍ਰਤਾਪ ਸੂਰਜ, ਪੰ: ੫੦੫੮

ਅੰਮ੍ਰਿਤ ਦੀ ਦਾਤਿ ਦੇ ਕੇ ਸਤਿਗੁਰੂ ਜੀ ਆਪ ਪਲਾ ਪਾਈ ਹੱਥ ਜੋੜ ਖੜੇ ਹੋ ਗਏ ਅਤੇ ਉਨ੍ਹਾਂ ਪੰਜਾਂ ਤੋਂ ਅੰਮ੍ਰਿਤ ਦੀ ਮੰਗ ਕੀਤੀ। ਗੁਰਸਿਖਾਂ ਦੀ ਹੈਰਾਨਗੀ ਵੇਖ ਕੇ ਆਪ ਜੀ ਨੇ ਬੇਨਤੀ ਕੀਤੀ, ਜੁ ਆਦਿ ਗੁਰੂ, ਗੁਰੂ ਨਾਨਕ ਜੀ ਦੇ ਆਦੇਸ਼ ਅਨੁਸਾਰ ਇਹ ਰੀਤੀ ਨਵੀਂ ਨਹੀਂ, ਉਨ੍ਹਾਂ ਨੇ ਲਹਿਣਾ ਜੀ ਨੂੰ, ਅੰਗਾਂ ਤੋਂ ਪ੍ਰਗਟ ਹੋਏ ਅੰਗਦ ਜੀ ਅੱਗੇ ਮੱਥਾ ਟੇਕਿਆ ਅਤੇ ਗੁਰਿਆਈ ਬਖਸ਼ੀ। ਇਸ ਤਰ੍ਹਾਂ ਮੈਂ ਖੜਾ ਹੋ ਕੇ ਸਿੱਖੀ ਦੀ ਜਾਚਨਾ ਕਰ ਰਿਹਾ ਹਾਂ। ਤਾਂ ਪੰਜਾਂ ਨੇ ਅੰਮ੍ਰਿਤ ਦੀ ਦਾਤਿ ਦਿਤੀ। ਉਸ ਤੋਂ ਉਪਰੰਤ ਪੰਜ ਸਿਖ ਹੋਰ ਖੜੇ ਹੋਏ ਅਤੇ ਦਾਤਿ ਪ੍ਰਾਪਤ ਕੀਤੀ। ਸਤਿਗੁਰੂ ਜੀ ਨੇ ਇਨ੍ਹਾਂ ਨੂੰ 'ਮੁਕਤੇ' ਦਾ ਵਰ ਬਖਸ਼ਿਆ। ਇਨ੍ਹਾਂ ਸਾਰਿਆਂ ਗੁਰਸਿਖਾਂ ਨੂੰ ਸਿੰਘ ਪਦ ਲਾ ਕੇ ਸੂਰਮੇ ਹੋਣ ਦਾ ਮਾਣ ਤੇ ਤਾਣ ਬਖਸ਼ਿਆ। ਇਨ੍ਹਾਂ ਪੰਜਾਂ ਦੇ ਨਾਂ ਇਤਿਹਾਸ ਵਿਚ ਦਿਤੇ ਹਨ–ਭਾ: ਦੇਵਾ ਸਿੰਘ ਜੀ, ਭਾ: ਰਾਮ ਸਿੰਘ ਜੀ, ਭਾ: ਟਹਿਲ ਸਿੰਘ ਜੀ, ਭਾ: ਈਸ਼ਰ ਸਿੰਘ ਜੀ, ਭਾ: ਫਤਹ


www.AKJ.Org

ਸਿੰਘ ਜੀ। ਇਹਨਾਂ ਤੋਂ ਬਾਅਦ ਯਾਰ੍ਹਾਂ ਸਿਖ ਹੋਰ ਖੜੇ ਹੋਏ। ਫਿਰ ਦੋ ਸਿਖ ਹੋਰ ਖੜੇ ਹੋਏ, ਜਿਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ–ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਮਾਈ ਦਾਸ ਜੀ (ਰਾਜਪੂਤ)। ਇਨ੍ਹਾਂ ਦਾ ਸਪੁਤਰ ਮਨੀ ਰਾਮ ਜੀ ਇਹ ਆਪਣੇ ਪੰਜਾਂ ਪੁਤਰਾਂ ਸਮੇਤ ਹਾਜ਼ਰ ਹੋਏ ਅਤੇ ਖੰਡੇ ਦੀ ਪਾਹੁਲ ਛਕੀ ਅਤੇ ਅਗੇ ਜਾ ਕੇ ਗੁਰੂ ਪੰਥ ਨਾਲ ਖੂਬ ਤੇਗਾਂ ਵਾਹੀਆਂ ਅਤੇ ਦੇਗਾਂ ਚਲਾਈਆਂ।

ਅੰਮ੍ਰਿਤ ਛਕ ਕੇ ਇਹ ਪੰਜੇ ਵੀਰ ਇਨ੍ਹਾਂ ਨਾਵਾਂ ਨਾਲ ਪਰਸਿਧ ਹੋਏ–ਵਡੇ ਭਾ: ਬਚਿਤ੍ਰ ਸਿੰਘ ਜੀ, ਭਾ: ਉਦੇ ਸਿੰਘ ਜੀ, ਭਾ: ਅਨਕ ਸਿੰਘ ਜੀ, ਭਾ: ਅਜਬ ਸਿੰਘ ਜੀ, ਭਾ: ਅਜਾਇਬ ਸਿੰਘ ਜੀ। ਭਾਈ ਬਚਿਤ੍ਰ ਸਿੰਘ ਜੀ ਨੇ ਪਹਾੜੀ ਰਾਜਿਆਂ ਦੇ ਭੇਜੇ ਮਸਤ ਹਾਥੀ ਨਾਲ ਮੁਕਾਬਲਾ ਕੀਤਾ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਅਨੰਦਪੁਰ ਸਾਹਿਬ ਦੀ ਜੰਗ ਵਿਚ ਕੇਸਰੀ ਚੰਦ ਪਹਾੜੀ ਰਾਜਾ, ਜੋ ਭੀਮ ਚੰਦ ਦਾ ਸਾਲਾ ਸੀ, ਅਤੇ ਸੌਂਹ ਖਾ ਕੇ ਆਇਆ ਸੀ ਕਿ ਮੈਂ ਅਨੰਦਪੁਰ ਨੂੰ ਫਤਹ ਕਰ ਕੇ ਗੁਰੂ ਗੋਬਿੰਦ ਸਿੰਘ ਨੂੰ ਪਕੜਾਂਗਾ ਜਾਂ ਮਾਰ ਦਿਆਂਗਾ, ਇਸ ਹੰਕਾਰੀ ਰਾਜੇ ਦਾ ਸਿਰ ਭਾ: ਉਦੇ ਸਿੰਘ ਨੇ ਮਟਕੇ ਵਾਂਗੂ ਲਾਹ ਕੇ ਨੇਜ਼ੇ ਤੇ ਪ੍ਰੋ ਲਿਆ ਅਤੇ ਦੁਸ਼ਮਣਾਂ ਵਿਚੋਂ ਲਿਆ ਕੇ ਗੁਰੂ-ਚਰਨਾਂ ਵਿਚ ਰਖ ਦਿਤਾ। ਸਰਸਾ ਨਦੀ ਤੇ ਹੋਏ ਜੰਗ ਵਿਚ ਇਨ੍ਹਾਂ ਪੰਜਾਂ ਭਰਾਵਾਂ ਨੇ ਬੜੀ ਤੇਗ ਵਾਹੀ। ਸਤਿਗੁਰਾਂ ਨੇ ਖਾਲਸਾ ਪ੍ਰਗਟ ਕਰਕੇ ਜੋ ਉਪਦੇਸ਼ ਦਿਤਾ ਉਸ ਅਨੁਸਾਰ ਕਿਹਾ ਕਿ ਮੇਰਾ ਖਾਲਸਾ–

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ, ਏਕ ਪਛਾਨੈ।
ਪੂਰਨ ਜੋਤਿ ਜਗੈ ਘਟ ਮਹਿ, ਤਬ ਖਾਲਸ ਤਾਹਿ ਨਿਖਾਲਸ ਜਾਨੈ।

ਇਉਂ ਖਾਲਸੇ ਨੂੰ ਪੰਜ ਕਕਾਰ ਬਖਸ਼ ਕੇ, ਪੰਜਾਂ ਕੁਰਹਿਤਾਂ ਤੋਂ ਵਰਜ ਕੇ, ਅੰਮ੍ਰਿਤ-ਨਾਮ ਦਾ ਹਿਰਦੇ ਵਿਚ ਸਿੰਚਾਰ ਕਰ ਕੇ, ਪੂਰਨ ਜਾਗਤ-ਜੋਤਿ ਦਾ ਘਟ ਵਿਖੇ ਪ੍ਰਕਾਸ਼ ਹੋਣ ਦਾ ਆਦੇਸ਼ ਦੇ ਕੇ ਨਿਹਾਲੋ ਨਿਹਾਲ ਕਰ ਦਿਤਾ।

ਸਤਿਗੁਰ ਜੀ ਖਾਲਸੇ ਦੀ ਉਸਤਤਿ ਵਿਚ ਨਿਮਗਨ ਹੋਏ ਜਿਥੇ ਖਾਲਸੇ ਨੂੰ ਮਾਤਾ ਪਿਤਾ ਅੰਗ ਸੁਹਿਰਦ ਕਰਮੁ ਧਰਮੁ ਸਜਨੁ ਪ੍ਰਵਾਰੁ ਬਿਰਦੁ ਕਰਕੇ ਅਪਣਾਇਆ ਉਥੇ ਆਪ ਜੀ ਨੇ ਤਾੜਨਾ ਵੀ ਕੀਤੀ ਕਿ ਨਿਆਰੇ ਖਾਲਸੇ ਤੇ ਹੀ ਇਹ ਬਖਸ਼ਸ਼ ਹੈ, ਬਿਪਰਨ ਕੀ ਰੀਤੀ ਵਾਲਿਆਂ ਤੇ ਮੇਰੀ ਪ੍ਰਤੀਤ ਨਹੀਂ। ਹੁਕਮ ਕੀਤਾ–

ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨਾ ਕਰੋਂ ਇਨ ਕੀ ਪ੍ਰਤੀਤ॥

---

## ਗੁਰਦਾਸਪੁਰ ਵਿਖੇ ਅਖੰਡਪਾਠ ਤੇ ਅਖੰਡ ਕੀਰਤਨ

ਬੇਨਤੀ ਹੈ ਕਿ ਦਾਸ ਦੇ ਗ੍ਰਿਹਿ ਵਿਖੇ ੧੭-੧੮-੧੯ ਅਪ੍ਰੈਲ ੧੯੮੧ ਨੂੰ ਸ੍ਰੀ ਅਖੰਡਪਾਠ ਤੇ ਕੀਰਤਨ ਪ੍ਰੋਗਰਾਮ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਜੀ ਤੇ ਅੰਮ੍ਰਿਤ ਬਾਣੀ ਦੇ ਲਾਹੇ ਪ੍ਰਾਪਤ ਕਰੋ।

ਦਾਸਰਾ–ਸੁਰਜੀਤ ਸਿੰਘ, ਮੇਹਰ ਚੰਦ ਰੋਡ, ਗੁਰਦਾਸਪੁਰ

## ਨਾਗੋਕੇ (ਅੰਮ੍ਰਿਤਸਰ) ਵਿਖੇ ਅਖੰਡਪਾਠ ਤੇ ਕੀਰਤਨ

ਭਾਈ ਸੁਰਿੰਦਰ ਸਿੰਘ ਐਗਰੀਕਲਚਰ ਇਨਸਪੈਕਟਰ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਨਾਗੋਕੇ ਵਿਖੇ ੧੯ ਅਪਰੈਲ ਐਤਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਅਖੰਡ ਕੀਰਤਨ ਹੋਣਗੇ। ਸਮਾਗਮ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।



www.AKJ.Org

# ਪਾਖੰਡਿ ਭਗਤਿ ਨ ਹੋਵਈ

[ਵਲੋਂ :–ਸ: ਮਦਨ ਸਿੰਘ ਜੀ, ਬਰਮਿੰਘਮ ਯੂ.ਕੇ.]

ਗੁਰੂ ਨਾਨਕ ਗੁਰੂ ਗੋਬਿੰਦ ਸਿੰਘ–ਦਸਾਂ ਪਾਤਸ਼ਾਹੀਆਂ ਨੇ ਪਾਖੰਡ ਤੇ ਦੰਭ ਦੇ ਖਿਲਾਫ ਤਕੜਾ ਜਹਾਦ ਕੀਤਾ। ਕਈ ਤਰੀਕਿਆਂ ਨਾਲ ਪਾਖੰਡ ਨੂੰ ਉਘੇੜ ਕੇ ਸੱਚ ਦਾ ਰਸਤਾ ਭੁਲੀ ਲੁਕਾਈ ਨੂੰ ਦਸਿਆ। ਬ੍ਰਾਹਮਣਾਂ ਤੇ ਮੁਲਾਣਿਆਂ ਦੇ ਪਾਏ ਭੁਲੇਖਿਆਂ ਦੀ ਅਸਲੀਅਤ ਪ੍ਰਗਟਾ ਕੇ ਉਨ੍ਹਾਂ ਦਾ ਸੁਧਾਰ ਕੀਤਾ। ਅਕਾਲੀ ਬਾਣੀ ਰਚ ਕੇ ਸੱਚੇ ਮਾਰਗ ਤੇ ਚਲਣ ਦਾ ਗਾਡੀ ਰਾਹ ਦਸਿਆ। ਸਿੱਖ ਇਤਿਹਾਸ ਗਵਾਹੀ ਭਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ ਜਾ ਕੇ ਚੜ੍ਹਦੇ ਵਾਲੇ ਪਾਸੇ ਪਾਣੀ ਦੇ ਕੇ ਪਾਂਡਿਆਂ ਦਾ ਪਾਜ ਉਘੇੜਿਆ ਅਤੇ ਗੁੰਮਰਾਹ ਕੀਤੀ ਜਾ ਰਹੀ ਲਕਾਈ ਨੂੰ ਉਨ੍ਹਾਂ ਦੀ ਲੁੱਟ-ਖਸੁੱਟ ਤੋਂ ਬਚਾ ਕੇ ਝੂਠ ਮੂਠ ਦੀ ਪਿਤਰੀ ਪੂਜਾ ਤੋਂ ਹਟਾਇਆ। ਕਾਂਸ਼ੀ ਵਿਖੇ ਜਾ ਕੇ ਧਰਮ ਦੇ ਨਾਮ ਹੇਠ ਪਾਖੰਡੀ ਪੰਡਤਾਂ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਖੰਡਨ ਕੀਤਾ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਹੋਰ ਕਈ ਹਿੰਦੂ ਮਠਾਂ ਅਤੇ ਤੀਰਥਾਂ ਤੇ ਜਾ ਕੇ ਸੱਚ ਦਾ ਪ੍ਰਚਾਰ ਕੀਤਾ।

ਇਸ ਤੋਂ ਬਾਅਦ–ਬਾਬਾ ਫਿਰਿ ਮਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ ॥
ਆਸਾ ਹਥਿ, ਕਿਤਾਬ ਕਛਿ, ਕੂਜਾ, ਬਾਗ ਮੁਸਲਾਧਾਰੀ ॥
ਬੈਠਾ ਜਾਇ ਮਸੀਤ ਵਿਚਿ, ਜਿਥੈ ਹਾਜੀ ਹਜਿ ਗੁਜਾਰੀ ॥੩੨॥ (੧)–ਵਾਰਾਂ ਭਾਈ ਗੁਰਦਾਸ ਜੀ

ਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਦੀਆਂ ਵੱਡੀਆਂ ਵੱਡੀਆਂ ਮਸੀਤਾਂ ਅਤੇ ਮੇਲਿਆਂ ਤੇ ਵੀ ਗਏ। ਇਹ ਸਭ ਕੁਛ ਪਾਖੰਡ ਦੇ ਖ਼ਿਲਾਫ਼ ਲੜਾਈ ਸੀ। ਗੁਰੂ ਸਾਹਿਬਾਨ ਦਾ ਉਪਦੇਸ਼ ਹੀ ਸੱਚ ਸੀ ਅਤੇ ਉਹ ਸਭ ਥਾਈਂ ਪੁਜ ਕੇ ਸੱਚ ਨੂੰ ਹੀ ਦ੍ਰਿੜਾਉਂਦੇ ਰਹੇ ਅਤੇ ਪਾਖੰਡੀਆਂ, ਸਾਧਾਂ, ਸੰਤਾਂ, ਪੰਡਤਾਂ, ਤੇ ਮੌਲਾਣਿਆਂ ਨੂੰ ਸੋਧਦੇ ਰਹੇ। ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪੋਥੀ ਪਰਮੇਸ਼ਰ ਕਾ ਥਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਬਖਸ਼ ਕੇ, ਬਾਣੀ ਰਾਹੀਂ ਸੱਚੀ ਸੇਧ ਲੈਣ ਦਾ ਉਪਦੇਸ਼ ਦਿਤਾ ਅਤੇ ਇਸ ਵਸੀਲੇ ਪੂਰਨ ਸੱਚ ਦੀ ਕਮਾਈ ਕਰਨ ਦੀ ਜਾਚ ਦਸੀ। ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤ ਛਕਾਉਣ ਦੀ ਰਹੁ-ਰੀਤ ਵੀ ਜ਼ਾਤ ਪਾਤ ਦੇ ਅਭਿਮਾਨੀਆਂ ਤੇ ਤਕੜੀ ਸੱਟ ਸੀ। ਇਸੇ ਤਰ੍ਹਾਂ ਨੈਣਾਂ ਦੇਵੀ ਵਿਚ ਪੰਡਤਾਂ ਦੇ ਦੇਵੀ ਪ੍ਰਗਟ ਕਰਨ ਦੇ ਢਕੌਂਸਲੇ ਨੂੰ ਨੰਗਾ ਕੀਤਾ। ਫ਼ਰੇਬੀ ਮਸੰਦਾਂ ਨੂੰ ਜੀਊਂਦੇ ਤੇਲ ਦੇ ਕੜਾਹੇ ਵਿਚ ਸਾੜ ਕੇ, ਗੁਰਸਿਖਾਂ ਨੂੰ ਸੱਚ ਤੇ ਪਹਿਰਾ ਦੇਣ ਦੇ ਰਾਹ ਤੇ ਤੁਰਨ ਦਾ ਸਬਕ ਸਿਖਾਇਆ।

ਸਤਿਗੁਰਾਂ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ–੬੭" ਪ੍ਰਗਟ ਕਰਕੇ, ਗੁਰਸਿਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ, ਪਾਖੰਡ ਤੋਂ ਬਚਾਣ ਲਈ ਆਪ ਅਮਲੀ ਜੀਵਨ ਜੀਊ ਕੇ, ਜੀਊਣਾ ਸਿਖਾਇਆ। ਪਰ ਅਫਸੋਸ ਹੈ, ਅੱਜ ਦਾ ਸਿੱਖ ਫਿਰ ਉਸੇ ਅੰਧੇਰੇ ਵਿਚ ਠੋਕਰਾਂ ਖਾ ਰਿਹਾ ਹੈ। "ਕੂੜੁ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ–੧੪੫" ।ਝੂਠ ਦੀ ਮਸਿਆ ਪੂਰੇ ਜੋਬਨ ਤੇ ਹੈ। ਅਸੀਂ ਪਵਿਤਰ ਨਾਮ ਨੂੰ ਭੁਲਦੇ ਜਾ ਰਹੇ ਹਾਂ। "ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ ਅਸੀਂ ਕੂੜੀਆਂ ਰਸਮਾਂ ਤੇ ਕੂੜੀਆਂ ਮਰਯਾਦਾ ਘੜ ਕੇ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ। ਸਮਾਂ ਤੇ ਗੁਰਬਾਣੀ ਦੀ ਰੋਸ਼ਨੀ ਵਿਚ ਆਪਣੇ ਆਪ ਨੂੰ ਸੁਧਾਰੀਏ। ਗੁਰਬਾਣੀ ਤਾਂ ਸੇਧ ਦਿੰਦੀ ਹੈ–"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ੬੪–॥

ਪਾਖੰਡੀ ਸਾਧਾਂ ਤੇ ਸੰਤਾਂ ਨੇ ਅਤਿ ਹੀ ਚੁਕੀ ਹੋਈ ਹੈ। ਅਜ ਕਲ੍ਹ ਯੂ. ਕੇ. ਵਿਚ ਇਸ ਤਰ੍ਹਾਂ ਜਾਪਦਾ ਹੈ ਜਿਸ ਤਰ੍ਹਾਂ ਦੰਭੀ ਸਾਧਾਂ ਦੀ ਮੰਡੀ ਲਗੀ ਹੋਈ ਹੈ। ਕਈ ਪ੍ਰਕਾਰ ਦੇ ਪਾਖੰਡ ਕਰ ਕਰ ਕੇ ਭੁਲੀ ਲੁਕਾਈ ਨੂੰ ਮਗਰ ਲਾਈ ਤੁਰੇ ਜਾਂਦੇ ਹਨ। ਜਨਤਾ ਵੀ ਇਨ੍ਹਾਂ ਭਦਰ ਪੁਰਸ਼ਾਂ ਨੂੰ ਤਨ, ਮਨ ਤੇ ਧਨ ਦੀ ਸੇਵਾ ਨਾਲ ਪੂਰੀ ਤਰ੍ਹਾਂ ਹਲਾਸ਼ੇਰੀ ਦੇ ਰਹੀ ਹੈ। ਇਸ ਤਰ੍ਹਾਂ ਇਕੱਤਰ ਕੀਤੀ ਮਾਇਆ ਅਯਾਸ਼ੀ, ਵਿਭਚਾਰ ਤੇ ਬਦਚਲਨੀ ਨੂੰ ਜਨਮ ਦੇ ਰਹੀ ਹੈ। ਇਹ ਜ਼ਹਿਰ ਸਾਰੀ ਕੌਮ ਨੂੰ ਰਸਾਤਲ ਵਲ ਧਕਦੀ ਜਾ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ



www.AKJ.Org

ਨੇ ਇਹੋ ਜਿਹੀ ਮਾਇਆ ਇਕੱਤਰ ਕਰਨ ਵਾਲੇ ਮਸੰਦਾਂ ਨੂੰ ਤਪਦੇ ਕੜਾਹਿਆਂ ਵਿਚ ਭੁੰਨਿਆ ਸੀ। ਅੱਜ ਇਸ ਤਰ੍ਹਾਂ ਦੇ ਅਨੇਕਾਂ ਸ਼ਸਤਰ-ਬਸਤਰ ਧਾਰੀ ਮਹੰਤ ਫਿਰਦੇ ਹਨ। ਦੁਖੀ ਦੁਨੀਆ ਠਾਠ-ਬਾਠ ਦੇਖ ਕੇ ਮਗਰ ਲਗ ਤੁਰਦੀ ਹੈ।

ਅਜ ਕਲ੍ਹ ਦੇ ਕੀਰਤਨੀਏ ਭੀ ਘਟ ਪਾਖੰਡ ਨਹੀਂ ਕਰਦੇ। ਮਾਇਆ ਇਕੱਤਰ ਕਰਨ ਦੀ ਧੁੰਨ ਵਿਚ ਲਗੇ ਹੋਏ ਹਨ। ਗੁਰਬਾਣੀ ਨੂੰ "ਬਲਿਓ ਚਰਾਗ ਅੰਧ੍ਯਾਰ ਮਹਿ —੧੩੮੭" ਸਚਿਆਉਣ ਦੀ ਬਜਾਇ ਪੌਂਡ ਇਕੱਠੇ ਕਰਨ ਦਾ ਰੁਜ਼ਗਾਰ ਬਣਾ ਲਿਆ ਹੈ। ਸ਼ਰਾਬੀ, ਕਬਾਬੀ, ਬਦਚਲਨ, ਫ਼ਰੇਬੀ ਬੰਦੇ ਦੀ ਮੌਤ ਤੇ ਅੰਤਮ ਭੋਗ ਸਮੇਂ "ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ"* ਸ਼ਬਦ ਦਾ ਕੀਰਤਨ ਕਰਨਗੇ। ਇਸੇ ਤਰ੍ਹਾਂ ਸ਼ਰਾਬਖ਼ਾਨਿਆਂ (ਪੱਬਾਂ) ਵਿਚ ਬਣੇ ਵੱਡੇ ਵੱਡੇ ਹਾਲ ਕਮਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਅਨੰਦ ਵਿਆਹ ਦੀ ਪਵਿਤਰ ਮਰਯਾਦਾ ਕਰਨੋਂ ਵੀ ਸ਼ਰਮ ਨਹੀਂ ਕਰਦੇ। ਇਹ ਸਭ ਪਾਖੰਡ, ਮਾਇਆ ਇਕੱਠੀ ਕਰਨ ਲਈ ਹੁੰਦਾ ਹੈ। ਅਜਿਹੇ ਮਨੋਭਾਵਾਂ ਨਾਲ ਕੀਤਾ ਕੀਰਤਨ ਸੱਚ ਨਾਲ ਕਿਵੇਂ ਜੋੜ ਸਕਦਾ ਹੈ? ਸਗੋਂ ਇਹ ਰਾਗੀ ਢਾਡੀ ਮਾਇਆ ਕਾਰਨ ਲੋਕਾਂ ਦੀ ਖੁਸ਼ਾਮਦ ਕਰਕੇ ਗੁਰਬਾਣੀ ਦੀ ਬੇਅਦਬੀ ਦੇ ਪਾਤਰ ਬਣਦੇ ਹਨ।

ਅਸਾਂ ਨਾਮ-ਧਰੀਕ ਅਖਾਉਤੀ ਸਿੱਖਾਂ ਨੇ ਰੱਬ ਨੂੰ ਖਿਲਾਉਣਾ ਸਮਝਿਆ ਹੋਇਆ ਹੈ—"ਲੋਗਨ ਰਾਮੁ ਖਿਲਉਨਾ ਜਨਾਂ—੧੧੫੮।" ਝੂਠ ਫਰੇਬ ਨਾਲ ਇਕੱਠੀ ਕੀਤੀ ਮਾਇਆ ਨਾਲ ਲੰਗਰ ਲੁਆ ਕੇ, ਦੇਗਾਂ ਸਜਾ ਕੇ ਤੇ ਗੁਰਦੁਆਰਿਆਂ ਉਤੇ ਸੋਨਾ ਚੜ੍ਹਾ ਕੇ ਸਮਝਦੇ ਹਾਂ ਕਿ ਵਾਹਿਗੁਰੂ ਖੁਸ਼ ਹੋ ਕੇ ਹੋਰ ਮਾਇਆ ਦੇ ਗਫੇ ਬਖਸ਼ੇਗਾ। ਪਰ ਉਥੇ ਤਾਂ ਧਰਮ ਦੀ ਕਿਰਤ ਵਿਚੋਂ ਧਰਮ-ਲੇਖੇ ਭੇਟਾ ਕੀਤੀ ਦੰਮੜੀ ਹੀ ਪ੍ਰਵਾਨ ਹੋਣੀ ਹੈ।

'ਸਤਿਗੁਰੁ ਜਾਗਤਾ ਹੈ ਦੇਉ —੪੭੯।" ਦੁਨੀਆ ਨੂੰ ਭੁਲੇਖਾ ਪਾਇਆ ਜਾ ਸਕਦਾ ਹੈ, ਆਪਣੇ ਆਪ ਨੂੰ ਧੋਖੇ ਵਿਚ ਰਖਿਆ ਜਾ ਸਕਦਾ ਹੈ, ਪਰ ਉਸ ਮਾਲਕ ਨੂੰ ਧੋਖਾ ਦੇਣਾ ਅਸੰਭਵ ਹੈ। "ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ—੩੮੪।" "ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥ ਕੋ ਗਿਰਹੀ ਕਰਮਾ ਕੀ ਸੰਧਿ॥ ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥ ਜੇਤੇ ਜੀਅ ਲਿਖੀ ਸਿਰਿ ਕਾਰ॥ ਕਰਣੀ ਉਪਰਿ ਹੋਵਗਿ ਸਾਰ—੧੧੬੯॥"

ਇਸ ਸਚਾਈ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ, ਸਗੋਂ "ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥" ਅਗਲੀਆਂ ਤੁਕਾਂ ਵਲ ਧਿਆਨ ਨਹੀਂ ਦਿੰਦੇ—"ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ—੬੫੬॥" ਕਿਵੇਂ ਅਸੀਂ ਨਾਮ ਨਾਲ ਜੁੜ ਸਕਦੇ ਹਾਂ? ਜਦ ਕਿ ਅੰਦਰ "ਤਾਤ ਪਰਾਈ" ਹੋਵੇ? "ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ —੭੪੭॥" ਜਿਹੜਾ ਭੀ ਕਰਮ ਪਾਖੰਡ ਕਰਕੇ ਦੁਨੀਆ ਨੂੰ ਰਿਝਾਉਣ ਲਈ ਕਰਦੇ ਹਾਂ ਉਸਨੂੰ ਜਮਾਂ ਨੇ ਲੁਟ ਲੈਣਾ ਹੈ। ਫਿਰ "ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ—੪੭੧॥" ਤਥਾ—"ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ—੪੬੩॥"

ਪਵਿਤਰ ਗੁਰਧਾਮਾਂ ਵਿਚ ਵੀ ਗਲਤ ਮਰਯਾਦਾ ਤੇ ਮਨਮਤੀਆਂ ਚਾਲੂ ਹਨ। ਸ੍ਰੀ ਹਜ਼ੂਰ ਸਾਹਿਬ ਵਿਚ ਸੁਖ ਨਿਧਾਨ (ਭੰਗ) ਨੂੰ ਭੋਗ ਲਾਉਣਾ, ਬਕਰੇ ਵਢ ਕੇ ਸ਼ਸ਼ਤਰਾਂ ਨੂੰ ਖੂਨ ਦੇ ਟਿੱਕੇ ਲਾਉਣੇ, ਕੇਸਰ ਚੰਦਨ ਆਦਿ ਰਗੜ ਕੇ ਤਿਲਕ ਲਾਓਣੇ, ਨਿਤਾਪ੍ਰਤ ਇਹ ਰਸਮਾਂ ਅਖੀਂ ਦੇਖੀਆਂ ਜਾਂਦੀਆਂ ਹਨ। ਕਈ ਜਗ੍ਹਾ ਮਾਸ ਦਾ ਪ੍ਰਸ਼ਾਦ ਵੰਡਦੇ ਵੀ ਸੁਣੇ ਹਨ। ਇਹ ਘੋਰ ਅੰਧਿਆਰ ਗੁਰਦੁਆਰਿਆਂ ਵਿਚ ਵਰਤਦਾ ਵੇਖ ਸੁਣ ਕੇ ਦਿਲ ਕੰਬ ਉਠਦਾ ਹੈ। ਅਰਦਾਸ ਹੈ ਸਤਿਗੁਰੂ ਸਚੇ ਪਾਤਸ਼ਾਹ ਦੇ ਚਰਨਾਂ ਵਿਚ, ਸਾਨੂੰ ਇਨ੍ਹਾਂ ਪਾਖੰਡਾਂ ਤੋਂ ਬਚਾਵੇ। ਸੱਚਾ ਨਾਮ ਜਪਣ ਦੀ ਬਿਬੇਕ-ਬੁਧੀ ਬਖਸ਼ੇ। ਗੁਰਸਿਖੀ ਮਾਰਗ ਤੇ ਚਲਣ ਦੀ ਸਮਰਥਾ ਬਖਸ਼ੇ—

"ਗੁਰਸਿਖੀ ਮਿਲਿ ਸਾਧ ਸੰਗਿ, ਸ਼ਬਦ ਸੁਰਤਿ ਜਗੁ ਦੁਤਰੁ ਤਰਣਾ॥
ਗੁਰਸਿਖੀ ਦਾ ਕਰਮੁ ਏਹ, ਗੁਰ ਫੁਰਮਾਏ ਗੁਰਸਿਖ ਕਰਣਾ॥੧੦॥"

ਭਾਈ ਗੁਰਦਾਸ ਜੀ, ਵਾਰ ੨੮, ਪਉੜੀ ੧੦

*ਭਾ: ਗੁਰਦਾਸ ਜੀ, ਵਾਰ ੧੯, ਪਉੜੀ ੧੪

www.AKJ.Org

# ਭਾਈ ਸਾਹਿਬ ਮੋਹਨ ਸਿੰਘ ਜੀ ਵੈਦ

ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਝ ਕਰੀਜੈ ॥

ਸੂਹੀ ਛੰਤ ਮ: ੧, ਪੰਨਾ ੭੬੫-੬੬

ਭਾਈ ਮੋਹਨ ਸਿੰਘ ਜੀ ਵੈਦ ਪੰਥ ਵਿਚ ਉਘੇ ਨਾਮਣੇ ਵਾਲੇ ਦਾਨੀ ਤੇ ਪਰਉਪਕਾਰੀ ਗੁਰਸਿਖ ਹੋਏ ਹਨ। ੧੯੮੧ ਵਿਚ ਉਨ੍ਹਾਂ ਦੀ ਸੌ-ਸਾਲਾ ਸ਼ਤਾਬਦੀ ਮਨਾਈ ਜਾ ਰਹੀ ਹੈ। ਉਨ੍ਹਾਂ ਦੇ ਗੁਰਮੁਖੀ ਜੀਵਨ ਦੇ, ਪੰਥ-ਪ੍ਰਸਿਧ ਵਿਅਕਤੀਆਂ ਨੇ ਜੋ ਕੁਝ ਕੁ ਗੁਣ ਦਰਸਾਏ ਹਨ, ਕੀ ਅਸੀਂ ਉਨ੍ਹਾਂ ਸ਼ੁਭ ਗੁਣਾਂ ਨਾਲ ਕੋਈ ਸਾਂਝ ਪਾ ਸਕਦੇ ਹਾਂ ?

"ਆਪ ਸੁਹਿਰਦ, ਬਾਣੀ ਦੇ ਪ੍ਰੇਮੀ ਸਨ। ਨਿਤਨੇਮ ਬਿਨਾਂ ਜਲ ਤਕ ਵੀ ਨਹੀਂ ਪੀਂਦੇ ਸਨ। ਵੰਡ ਛਕਣਾ ਉਨ੍ਹਾਂ ਦੇ ਸੁਭਾਵ ਦਾ ਅੰਗ ਸੀ। ਸਦਾ ਹੀ ਕੌਮ ਨੂੰ ਚੜ੍ਹਦੀ ਕਲਾ ਵਿਚ ਵੇਖਣ ਦੀ ਇਛਿਆ ਰਖਦੇ ਸਨ। ਜੇਲ੍ਹ ਵਿਚ ਵੀ ਸਾਹਿਤਕ ਸੇਵਾ ਕਰਦੇ ਰਹਿੰਦੇ ਸਨ। ਪ੍ਰਸਿੱਧ ਵੈਦ, ਚੰਗੇ ਲਿਖਾਰੀ, ਪੰਥ-ਦਰਦੀ, ਦੇਸ਼-ਹਿਤੈਸ਼ੀ ਤੋਂ ਬਿਨਾਂ ਆਪ ਤਕੜੇ ਦਾਨੀ ਵੀ ਸਨ। ਪੁਰਾਤਨ ਗੁਰਸਿਖਾਂ ਵਾਂਗੂ ਸਦਾ ਦਸਵੰਧ ਕਢਦੇ ਸਨ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਕਾਰ-ਸੇਵਾ ਵਿਚ ਵੀ ਆਪਣੀ ਸ਼ੁਭ ਸਿਖਿਆ ਨਾਲ ਦਾਸ ਨੂੰ ਸਮੇਂ ਸਮੇਂ ਨਿਵਾਜਦੇ ਰਹੇ।"

—ਭਗਤ ਜਸਵੰਤ ਸਿੰਘ ਜੀ

"ਆਪ ਛੋਟੀ ਉਮਰ ਵਿਚ ਹੀ ਪੰਥ-ਸੇਵਾ ਵਲ ਉਤਸ਼ਾਹਤ ਹੋ ਗਏ ਸਨ। ਪਹਿਲਾਂ ਭੁਜੰਗੀ ਸਭਾ ਵਿਚ, ਫੇਰ ਸਿੰਘ ਸਭਾ ਵਿਚ ਤੇ ਫੇਰ ਚੀਫ਼ ਖਾਲਸਾ ਦੀਵਾਨ ਵਿਚ ਸੇਵਾ ਕਰਦੇ ਰਹੇ ਹਨ। ਗੁਰਦਵਾਰਾ ਲਹਿਰ ਵਿਚ ਵੀ ਆਪ ਨੇ ਸੇਵਾ ਕੀਤੀ ਤੇ ਚੰਗਾ ਹਿੱਸਾ ਲੈਂਦੇ ਰਹੇ। ਆਪ ਪੰਥ ਦੇ ਹਾਨ ਲਾਭ ਵਿਚ ਅਤਿਅੰਤ ਦਿਲਚਸਪੀ ਰਖਦੇ ਸਨ।...ਗਰੀਬਾਂ ਲੋੜਵੰਦਾਂ ਦੀ ਸਹਾਇਤਾ ਵਿਚ ਵੀ ਆਪ ਦਾ ਹੱਥ ਸਖਾਵਤ ਵਲ ਉਠਦਾ ਸੀ ਤੇ ਲੋੜਵੰਦ ਸੰਬੰਧੀਆਂ ਨਾਲ ਵੀ ਵਰਤਾਉ ਉਦਾਰਤਾ ਵਾਲਾ ਸੀ।

—ਭਾਈ ਸਾਹਿਬ ਭਾ: ਵੀਰ ਸਿੰਘ ਜੀ

"ਭਾਈ ਸਾਹਿਬ ਮੋਹਨ ਸਿੰਘ ਜੀ ਵੈਦ, ਅਤੁਟ ਧਾਰਮਕ ਲਗਨ ਵਾਲੇ, ਖੋਜੀ, ਪ੍ਰੇਮੀ, ਸਿਆਣੇ ਅਤੇ ਦਿਆਲੂ ਸਨ। ਉਨ੍ਹਾਂ ਦਾ ਸੁਭਾਉ ਅਤਿ ਕੋਮਲ ਤੇ ਮਿੱਠਾ ਸੀ। ਧਾਰਮਕ ਪ੍ਰਚਾਰ ਅਤੇ ਪੰਜਾਬੀ ਸਾਹਿਤ ਦੇ ਵਾਧੇ ਦੇ ਉਘੇ ਹਾਮੀ ਸਨ। ਪੁਰਾਤਨ ਸ਼ਰਾਫਤ, ਉਪਕਾਰ ਅਤੇ ਗੁਰਮੁਖਤਾ ਦਾ ਨਮੂਨਾ ਸਨ।"

—ਪ੍ਰਿੰਸੀਪਲ ਤੇਜਾ ਸਿੰਘ ਜੀ

"ਭਾਈ ਮੋਹਨ ਸਿੰਘ ਜੀ ਦੇ ਵਿਚਾਰ, ਗੁਰਮਤਿ ਦੀ ਵਿਸ਼ੇਸ਼ਤਾ ਦਾ ਪ੍ਰਚਾਰ ਕਰਨ ਦੇ ਅਤੇ ਸਿੱਖੀ ਜੀਵਨ ਵਿਚ ਸਾਰੇ ਜਗਤ ਨੂੰ ਜੀਵਨ ਬਿਤਾਣ ਵਾਲਾ ਹੋਣ ਦੇ ਬੜੇ ਹਾਮੀ ਸਨ ਅਤੇ ਖਾਲਸਾ ਕਹਿਲਾ ਕੇ ਖਾਲਸ ਮਰਯਾਦਾ ਦੇ ਅਨੁਕੂਲ ਹੋਣ ਤੇ ਗੁਰਬਾਣੀ ਦਾ ਪਾਠ ਕਰਨ ਕਰਾਉਣ ਦੀ ਬੜੀ ਲਗਨ ਵਾਲੇ ਸਨ। ਆਪ ਬੜੇ ਮਿਠ-ਬੋਲੇ, ਸੰਜਮੀ, ਸਿਆਣੇ ਅਤੇ ਗੁਰੂ ਪ੍ਰਮੇਸ਼ਵਰ ਦੀ ਭੈ-ਭਗਤੀ ਦਿਲ ਵਿਚ ਰਖਣ ਵਾਲੇ ਸਨ। ਆਪ ਪੂਰਨ ਦਾਨੀ, ਪਰਉਪਕਾਰੀ, ਪ੍ਰਾਣੀ ਮਾਤਰ ਨੂੰ ਸੁਖੀ ਕਰਨ ਦਾ ਉਮਾਹ ਰਖਣ ਵਾਲੇ ਨਿਰਮਾਣ ਗੁਰੂ ਜੀ ਦੇ ਸੇਵਕ ਸਨ।"

—ਅਕਾਲੀ ਕੌਰ ਸਿੰਘ ਜੀ

---

# ਸ੍ਰੀ ਗੰਗਾ ਨਗਰ ਵਿਖੇ ਕੀਰਤਨ ਰੈਣ ਸਬਾਈ

ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਗੰਗਾ ਨਗਰ ਵਿਖੇ 25 ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਪੰਜਾਬ ਦੇ ਵਖ ਵਖ ਸ਼ਹਿਰਾਂ ਤੋਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

ਪੁਛ ਗਿਛ : ਹਰਦੀਪ ਸਿੰਘ ਹਰਭਜਨ ਸਿੰਘ, ਅਕਾਲ ਮੋਟਰਜ਼, ਸ੍ਰੀ ਗੰਗਾ ਨਗਰ

www.AKJ.org

# 'ਸਰਬ ਰੋਗ ਕਾ ਅਉਖਦੁ ਨਾਮੁ'

ਸ੍ਰੀ ਗੁਰੂ ਰਾਮਦਾਸ ਹਸਪਤਾਲ ਅਤੇ ਮੈਡੀਕਲ ਰਿਸਰਚ ਇਨਸਟੀਚਿਊਟ ਦੇ ਡਾਇਰੈਕਟਰ ਡਾਕਟਰ ਹਰਚਰਨ ਸਿੰਘ ਦੇ ਉਦਮ ਅਤੇ ਪ੍ਰੇਰਨਾ ਅਧੀਨ ਹਸਪਤਾਲ ਵਿਚ ਇਕ ਵਖਰਾ ਸ੍ਰੀ ਸੁਖਮਨੀ ਸਾਹਿਬ ਵਿਭਾਗ ਖੋਲ੍ਹੇ ਜਾਣ ਦੀ ਤਜਵੀਜ਼ ਹੈ, ਜਿਸ ਵਿਚ ਰੋਗੀਆਂ ਦਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੁਆਰਾ ਇਲਾਜ ਕੀਤਾ ਜਾਵੇਗਾ।

ਇਸ ਮਹਾਨ ਕਾਰਜ ਦਾ ਅਰੰਭਕ ਸਮਾਗਮ ਗੁਰਬਾਣੀ ਦੇ ਪਾਠ,ਗੁਰਬਾਣੀ ਦੇ ਕੀਰਤਨ ਅਤੇ ਗੁਰਬਾਣੀ ਤੇ ਅਧਾਰਤ ਵੀਚਾਰਾਂ ਰਾਹੀਂ ੨੮-੨-੮੧ ਸਨਿਚਰਵਾਰ ਅਤੇ ੧-੩-੮੧ ਐਤਵਾਰ ਨੂੰ ਕੀਤਾ ਗਿਆ। ਪਹਿਲੇ ਦਿਨ ਪੰਜ ਵਜੇ ਸ਼ਾਮ ਨੂੰ ਸ੍ਰੀ ਮੰਜੀ ਸਾਹਿਬ ਦੇ ਦੀਵਾਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸਮਾਗਮ ਅਰੰਭ ਹੋਇਆ। ਸੰਗਤਾਂ ਨੇ ਸੰਗਤੀ ਰੂਪ ਵਿਚ ਬੜੇ ਪਿਆਰ ਨਾਲ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ। ਸੋਦਰ ਦੀ ਚੌਕੀ ਤੋਂ ਉਪਰੰਤ ਭਾਈ ਸਾਹਿਬ ਜੀਵਨ ਸਿੰਘ ਜੀ ਅਤੇ ਹੋਰ ਕੀਰਤਨੀ ਜਥਿਆਂ ਨੇ "ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ" ਦੇ ਵਿਸ਼ੇ ਤੇ ਗੁਰਬਾਣੀ ਦਾ ਨਿਰਬਾਣ ਕੀਰਤਨ ਰਾਤ ਦੇ ਦਸ ਵਜੇ ਤਕ ਕੀਤਾ।

ਐਤਵਾਰ ਵਾਲੇ ਦਿਨ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਖੇ ਡਾਕਟਰਾਂ ਅਤੇ ਵਿਦਵਾਨ ਸੱਜਣਾਂ ਵਲੋਂ "ਦੂਖ ਰੋਗ ਬਿਨਸੇ ਭੈ ਭਰਮ" ਦੇ ਵਿਸ਼ੇ ਤੇ ਸੈਮੀਨਾਰ ਕੀਤਾ ਗਿਆ। ਅਰੰਭ ਵਿਚ ਮਾਨਟਸਰੀ ਹਾਈ ਸਕੂਲ ਦੇ ਬੱਚਿਆਂ ਨੇ "ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ" ਦਾ ਸ਼ਬਦ ਗਾਇਨ ਕੀਤਾ। ਉਪਰੰਤ ਸ: ਮਹਿਤਾਬ ਸਿੰਘ ਜੀ ਦਿੱਲੀ ਵਾਲਿਆਂ ਨੇ ਗੁਰਬਾਣੀ ਦੇ ਅਧਾਰ ਅਤੇ ਸਿਖ ਧਰਮ ਦੇ ਦ੍ਰਿਸ਼ਟੀ-ਕੋਣ ਤੋਂ ਅਰੋਗ ਮਨੁਖ ਅਤੇ ਅਰੋਗ ਮਨੁਖੀ ਸਮਾਜ ਦਾ ਚਿੱਤਰ ਉਲੀਕਿਆ। ਉਨ੍ਹਾਂ ਦਸਿਆ ਕਿ ਗੁਰਬਾਣੀ ਜੀਵ ਨੂੰ ਨਾਮ ਦੁਆਰਾ ਸੰਜਮੀ, ਸੰਤੋਖੀ,ਸੰਤੁਲਤ ਅਤੇ ਸੁਖੀ ਜੀਵਨ ਜੀਉਣ ਦੀ ਸੇਧ ਦਿੰਦੀ ਹੈ,ਜਿਸ ਨਾਲ ਲੋਕ ਪਰਲੋਕ ਸੁਖਦਾਈ ਹੋ ਨਿਬੜਦੇ ਹਨ। ਸਿਖ-ਧਰਮ ਨਾਮ ਨੂੰ ਹੀ ਸਾਰੀਆਂ ਬੁਰਿਆਈਆਂ ਅਤੇ ਸਾਰੇ ਰੋਗਾਂ ਦਾ ਇਲਾਜ ਮੰਨਦਾ ਹੈ ਅਤੇ ਨਾਮ-ਸਿਮਰਨ ਤੇ ਹੀ ਜ਼ੋਰ ਦਿੰਦਾ ਹੈ।

ਸੈਮੀਨਾਰ ਦੇ ਚੇਅਰਮੈਨ ਸ: ਹਰਦਿਆਲ ਸਿੰਘ ਜੀ ਆਈ.ਏ.ਐਸ. ਸਕੱਤਰ ਸਿਹਤ-ਵਿਭਾਗ ਪੰਜਾਬ ਸਰਕਾਰ ਨੇ ਕਿਹਾ ਕਿ ਨਾਮ-ਬਾਣੀ ਦੁਆਰਾ ਰੋਗਾਂ ਦੇ ਇਲਾਜ ਦਾ ਪ੍ਰਾਜੈਕਟ ਸਫਲ ਅਤੇ ਪ੍ਰਸੰਸਾ ਯੋਗ ਉਦਮ ਹੈ। ਉਹਨਾਂ ਕਿਹਾ, ਮਨੁਖੀ ਮਨ ਇਕ ਸਬਲ ਸ਼ਕਤੀ ਹੈ। ਇਹ ਜੋ ਚਾਹੇ ਬਣ ਸਕਦਾ ਹੈ। ਜੇ ਮਨ ਰੋਗੀ ਵਿਚਾਰਾਂ ਦੀ ਸੰਗਤ ਕਰੇ ਤਾਂ ਰੋਗੀ ਹੋ ਜਾਂਦਾ ਹੈ ਤੇ ਤਨ ਨੂੰ ਵੀ ਰੋਗੀ ਕਰ ਦਿੰਦਾ ਹੈ, ਪਰ ਜੇ ਸੁਛ ਵਿਚਾਰਾਂ ਨੂੰ ਗ੍ਰਹਿਣ ਕਰੇ ਤਾਂ ਸਦਾ ਖੇੜੇ ਵਿਚ ਰਹਿੰਦਾ ਹੈ ਤੇ ਰੋਗ ਇਸ ਦੇ ਨੇੜੇ ਨਹੀਂ ਫਟਕਦਾ। ਆਪਣੇ ਨਿਜੀ ਤਜਰਬੇ ਦਾ ਵਰਨਣ ਕਰਦਿਆਂ ਉਹਨਾਂ ਦਸਿਆ ਕਿ :—

> "ਮੈਂ ਪੂਰੇ ਬਾਰ੍ਹਾਂ ਸਾਲ ਬੀਮਾਰੀ ਨਾਲ ਜੁਧ ਕੀਤਾ। ਅੰਗਰੇਜ਼ੀ, ਯੂਨਾਨੀ, ਆਯੁਰਵੇਦਕ, ਹੋਮਿਓਪੈਥਕ ਆਦਿ ਕਈ ਇਲਾਜ ਬਦਲੇ, ਪਰ ਰੋਗ ਤੋਂ ਖਹਿੜਾ ਨਾ ਛੁਟ ਸਕਿਆ। ਮੈਂ ਇਹਨਾਂ ਵਲੋਂ ਨਿਰਾਸ ਹੋ ਗਿਆ ਤੇ ਹੋਰ ਕੋਈ ਚਾਰਾ ਨਾ ਵੇਖ ਕੇ ਮੈਂ ਨਾਮ-ਸਿਮਰਨ ਨੂੰ ਆਪਣਾ ਇਲਾਜ ਬਣਾਇਆ। ਨਾਮ ਦੀ ਪਾਰਸ-ਕਲਾ ਦਾ ਪ੍ਰਤੱਖ ਕ੍ਰਿਸ਼ਮਾ ਇਹ ਵਰਤਿਆ ਕਿ ਮੇਰੇ ਹੱਡਾਂ ਵਿਚ ਘਰ ਕਰ ਬੈਠਾ ਰੋਗ ਕਾਫ਼ੂਰ ਹੋ ਗਿਆ। ਮੇਰੀ ਕਾਇਆਂ ਕੰਚਨ-ਵੰਨੀ ਹੋ ਗਈ। ਨਾਮ ਸਿਮਰਨ ਦੇ ਸਿਰ ਸਦਕੇ ਮੇਰੇ ਹਿਰਦੇ ਅੰਦਰ ਜੋਤ ਦਾ ਪ੍ਰਕਾਸ਼ ਹੋ ਗਿਆ।"

ਉਹਨਾਂ ਦਸਿਆ ਕਿ ਗੁਰਬਾਣੀ ਦੇ ਚਾਨਣੇ ਵਿਚ "ਸਰਬ ਰੋਗ ਕਾ ਅਉਖਦੁ ਨਾਮੁ" ਵਿਸ਼ੇ ਤੇ ਉਹ



www.AKJ.Org

ਕਿਸੇ ਹੋਰ ਸਮਾਗਮ ਤੇ ਵਿਚਾਰਾਂ ਦੀ ਸਾਂਝ ਕਰਨਗੇ।

ਬੜੀ ਦ੍ਰਿੜ੍ਹਤਾ, ਪਰ ਪੂਰਨ ਨਿਮਰਤਾ ਤੇ ਹਲੀਮੀ ਨਾਲ ਪ੍ਰਗਟਾਏ ਵਿਚਾਰਾਂ ਦਾ ਬੜਾ ਸਾਤਵਿਕ ਪ੍ਰਭਾਵ ਸਰੋਤਿਆਂ ਦੇ ਮਨਾਂ ਤੇ ਪਿਆ ਤੇ ਸਾਰਾ ਵਾਤਾਵਰਣ ਮਾਨੋ ਰੱਬੀ ਰੰਗ-ਰਸ ਵਿਚ ਭਿਜ ਗਿਆ।

ਡਾਕਟਰ ਕਰਨਲ ਕਿਰਪਾਲ ਸਿੰਘ ਜੀ ਅਤੇ ਬ੍ਰਿਗੇਡੀਅਰ ਸ: ਸੰਗਤ ਸਿੰਘ ਜੀ ਸਿਆਲੀ ਨੇ ਆਪੋ-ਆਪਣੇ ਪੇਪਰਾਂ ਵਿਚ ਸਪੱਸ਼ਟ ਸ਼ਬਦਾਂ ਵਿਚ ਦਸਿਆ ਕਿ ਸਰੀਰ ਨੂੰ ਰੋਗ 'ਮਨ ਦੇ ਰੋਗੀ ਹੋਣ ਕਾਰਨ' ਲਗਦੇ ਹਨ ਤੇ ਰੋਗ ਦਾ ਸਹੀ ਇਲਾਜ ਪਹਿਲਾਂ ਮਨ ਨੂੰ ਅਰੋਗ ਕਰਨ ਵਿਚ ਹੈ। ਉਹਨਾਂ ਨੇ ਦਸਿਆ ਕਿ ਲੰਮੇ ਸਮੇਂ ਦੀ ਡਾਕਟਰੀ ਪ੍ਰੈਕਟਿਸ ਵਿਚ ਉਹਨਾਂ ਨੇ ਅੰਗਰੇਜ਼ੀ ਦਵਾਈਆਂ ਦੇ ਨਾਲ ਨਾਲ ਰੋਗੀਆਂ ਦੇ ਵਿਚਾਰ ਬਦਲਣ ਤੇ ਜ਼ੋਰ ਦਿਤਾ। ਇਸ ਮੰਤਵ ਲਈ ਰੋਗੀਆਂ ਨੂੰ ਸਰਬ-ਸ਼ਕਤੀਮਾਨ ਵਾਹਿਗੁਰੂ ਅਗੇ ਸਹਾਇਤਾ ਲਈ ਅਰਦਾਸ ਕਰਨ ਅਤੇ ਗੁਰਬਾਣੀ ਦੀਆਂ ਕੁਝ ਨਿਸਚਿਤ ਤੁਕਾਂ ਦੁਆਰਾ ਮਨ ਨੂੰ ਬਲਵਾਨ ਕਰਨ ਦਾ ਢੰਗ ਸਿਖਾਇਆ, ਜਿਸ ਦੇ ਸਫਲ ਤੇ ਉਤਸ਼ਾਹ-ਜਨਕ ਨਤੀਜੇ ਨਿਕਲੇ। ਅਰਦਾਸ ਨਾਲ ਦ੍ਰਵੇ ਹੋਏ ਮਨ ਗੁਰਬਾਣੀ ਦੀ ਪਾਰਸ-ਕਲਾ ਦਾ ਪ੍ਰਭਾਵ ਕਬੂਲ ਕਰ ਕੇ ਆਰੋਗ ਹੁੰਦੇ ਵੇਖੇ ਗਏ।

ਇਹ ਠੀਕ ਹੈ ਕਿ ਉਹਨਾਂ ਨੇ ਪ੍ਰਾਪਤ ਹੋਈਆਂ ਸਫਲਤਾਵਾਂ ਦੇ ਅੰਕੜੇ ਬਕਾਇਦਾ ਤੌਰ ਤੇ ਅੰਕਤ ਨਹੀਂ ਕੀਤੇ ਜਿਵੇਂ ਕਿ ਇਥੇ ਡਾਕਟਰ ਹਰਚਰਨ ਸਿੰਘ ਜੀ ਦੇ ਉਦਮ ਨਾਲ ਕੀਤੇ ਗਏ ਹਨ। ਫਿਰ ਉਨ੍ਹਾਂ ਨੇ ਦਸਿਆ ਕਿ ਵਖ ਵਖ ਰੋਗੀਆਂ ਦੀ ਮਾਨਸਕ ਸਥਿਤੀ ਮੂਜਬ ਉਹਨਾਂ ਨੇ ਆਪਣੀ ਸੋਝੀ ਅਨੁਸਾਰ ਗੁਰਬਾਣੀ ਦੀਆਂ ਤੁਕਾਂ ਦੀ ਚੋਣ ਕਰ ਕੇ ਵਰਤੋਂ ਕੀਤੀ, ਪਰ ਸਿਸਟੇਮੈਟਿਕ ਤੌਰ ਤੇ ਕੋਈ ਬਝਵਾਂ ਤਰੀਕਾ ਨਹੀਂ ਅਪਣਾਇਆ ਗਿਆ। ਉਹਨਾਂ ਆਸ ਪਰਗਟ ਕੀਤੀ ਕਿ ਗੁਰਬਾਣੀ ਦੇ ਪਾਠ ਦੁਆਰਾ ਵਿਗਿਆਨਕ ਢੰਗ ਅਪਣਾ ਕੇ ਰੋਗੀਆਂ ਦਾ ਇਲਾਜ ਕਰਨ ਦਾ ਪ੍ਰਾਜੇਕਟ ਜੋ ਅਰੰਭਿਆ ਗਿਆ ਹੈ, ਉਸ ਵਿਚ ਸਫਲਤਾ ਅਵੱਸ਼ ਹੈ।

ਇਸ ਸਮਾਗਮ ਵਿਚ ਅਮਰੀਕਾ ਦੇ ਡਾਕਟਰ ਡੈਨਿਸ ਬ੍ਰਾਊਨ ਦੀ ਸ਼ਮੂਲੀਅਤ ਨੇ ਸੈਮੀਨਾਰ ਨੂੰ ਅੰਤਰ-ਰਾਸ਼ਟਰੀ ਪਧਰ ਦਾ ਬਣਾ ਦਿਤਾ। ਇਸ ਸਯੋਗ ਡਾਕਟਰ ਨੇ ਦਸਿਆ ਕਿ ਰੋਗ ਦਾ ਮੁਖ ਕਾਰਨ ਮਨੁਖੀ ਮਨ ਵਿਚ ਲੋਕ-ਲਾਜ, ਡਰ, ਕੀਨਾ, ਬਦਲਾ, ਨਿਰਾਸਤਾ ਆਦਿ ਮੰਦ-ਭਾਵਨਾਂ ਦਾ ਉਤਪੰਨ ਹੋਣਾ ਹੈ। ਇਹਨਾਂ ਮੰਦ-ਭਾਵਨਾਂ ਉਤੇ ਪਿਆਰ ਅਤੇ ਸੱਚ ਦੁਆਰਾ ਕਾਬੂ ਪਾਇਆ ਜਾ ਸਕਦਾ ਹੈ ਤੇ ਇਸ ਤਰ੍ਹਾਂ ਸਾਰੀ ਮਨੁੱਖਤਾ ਨੂੰ ਅਰੋਗ ਕੀਤਾ ਜਾ ਸਕਦਾ ਹੈ। ਆਪਣੇ ਵਿਚਾਰਾਂ ਦਾ ਪ੍ਰਗਟਾਅ ਇਸ ਵੀਰ ਨੇ ਇਕ ਜੰਤਰ ਦੁਆਰਾ ਕੀਤਾ, ਜੋ ਉਹ ਨਾਲ ਲਿਆਏ ਸਨ।

ਡਾਕਟਰ ਅਜਿੰਦਰ ਸਿੰਘ ਜੀ ਅਤੇ ਡਾਕਟਰ ਜੋਗਿੰਦਰ ਸਿੰਘ ਜੀ, ਜਿਨ੍ਹਾਂ ਨੇ "ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੁਆਰਾ ਹਾਈ ਬਲੱਡ ਪ੍ਰੈਸ਼ਰ ਦੇ ਰੋਗੀਆਂ ਦਾ ਇਲਾਜ" ਅਤੇ "ਦੁਖ-ਭੰਜਨੀ ਸਾਹਿਬ ਦੇ ਇਸ਼ਨਾਨ ਦੁਆਰਾ ਜੋੜਾਂ ਦੀਆਂ ਦਰਦਾਂ ਵਾਲੇ ਮਰੀਜ਼ਾਂ ਦਾ ਇਲਾਜ" ਵਿਸ਼ਿਆਂ ਤੇ ਥੀਸਿਜ਼ ਲਿਖ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਾਸੋਂ ਐਮ.ਡੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਸਨ, ਨੇ ਬੜੇ ਉਤਸ਼ਾਹ ਨਾਲ ਆਪੋ ਆਪਣੇ ਸਫਲ ਤਜਰਬੇ ਬਾਰੇ ਜਾਣਕਾਰੀ ਦੇਂਦਿਆਂ ਹੋਇਆਂ, ਥੀਸਿਜ਼ ਵਿਚ ਇਕੱਤਰ ਕੀਤੇ ਵੇਰਵਿਆਂ ਦੀਆਂ ਸਲਾਈਡਾਂ ਦਿਖਾਈਆਂ।

ਅੰਤ ਵਿਚ "ਦੂਖ ਰੋਗ ਬਿਨਸੇ ਭੈ ਭਰਮ" ਦੀ ਟੇਕ ਲੈ ਕੇ ਸ੍ਰੀ ਸੁਖਮਨੀ ਸਾਹਿਬ ਦੀ ਅੰਤਮ ਅਸਟਪਦੀ ਦੀ ਅੰਤਲੀ ਪਉੜੀ ਦਾ ਕੀਰਤਨ ਬੀਬੀ ਅਜੀਤ ਕੌਰ ਅਤੇ ਇਕੱਤਰ ਹੋਏ ਸਾਰੇ ਸਜਣਾਂ ਨੇ ਰਲ ਕੇ ਬੜੇ ਵਜਦ ਵਿਚ ਕੀਤਾ ਤੇ ਇਹ ਸਮਾਗਮ ਮਸਤੀ ਤੇ ਉਤਸ਼ਾਹ ਦੀ ਭਾਵਨਾ ਵਿਚ ਸਮਾਪਤ ਹੋਇਆ।

**ਇਹ ਕਾਰਜ ਸਮੁੱਚੇ ਪੰਥ ਦਾ ਹੈ। ਇਸ ਵਿਚ ਸਮੁੱਚੇ ਪੰਥ ਵਲੋਂ ਮਨ ਬਚਨ ਕਰਮ ਕਰਕੇ ਸਹਿਯੋਗ ਅਤੇ ਸਹਾਇਤਾ ਦੀ ਲੋੜ ਹੈ। ਸਭ ਤੋਂ ਵਧ ਗੁਰਸਿਖਾਂ ਦੀਆਂ ਅਰਦਾਸਾਂ ਅਤੇ ਅਸੀਸਾਂ ਦੀ ਇਸ ਮਹਾਨ ਕਾਰਜ ਦੀ ਸਫਲਤਾ ਲਈ ਜਾਚਨਾ ਹੈ।**


www.AKJ.Org

# ਸਲੋਕ ਸਹਸਕ੍ਰਿਤੀ [੨]

[ਅਰਥ ਵਿਆਖਿਆ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਸਲੋਕ ਸਹਸਕ੍ਰਿਤੀ ਮਹਲਾ ੫
ਕਤੰਚ ਮਾਤਾ ਕਤੰਚ ਪਿਤਾ
ਕਤੰਚ ਬਨਿਤਾ ਬਿਨੋਦ ਸੁਤਹ ॥
ਕਤੰਚ ਭ੍ਰਾਤ ਮੀਤ ਹਿਤ ਬੰਧਵ
ਕਤੰਚ ਮੋਹ ਕੁਟੰਬ੍ਯ੍ਯਤੇ ॥
ਕਤੰਚ ਚਪਲ ਮੋਹਨੀ ਰੂਪੰ
ਪੇਖੰਤੇ ਤਿਆਗੰ ਕਰੋਤਿ ॥
ਰਹੰਤ ਸੰਗ ਭਗਵਾਨ ਸਿਮਰਣ
ਨਾਨਕ ਲਬਧ੍ਯ੍ਯੰ ਅਚੁਤ ਤਨਹ ॥੧॥

**ਪਦ ਅਰਥ**–ਕਤੰਚ–(ਕਦਾਂਚ ਵਾਂਗ ਇਸ ਸ਼ਬਦ ਦੀ ਬਣਤਰ ਹੈ। ਤੇ ਇਹ ਬਹੁ-ਅਰਥਕ ਸ਼ਬਦ ਹੈ)। ਕੁਤ੍ਰਚਿਤ (ਕਿਰਿਆ ਵਿਸ਼ੇਸ਼ਣ) ਕਹਾਂ, ਕਿਥੇ, (੨) ਕੁਤਸ੍ਯ, ਕਹਾਂ ਸੇ, ਕਿਸ ਥਾਂ ਤੋਂ, ਕਾਹਦਾ, ਕਿਥੋਂ ਦਾ, ਕਿਵੇਂ। ਬਨਿਤਾ–ਇਸਤ੍ਰੀ, ਪਤਨੀ। ਬਿਨੋਦ–ਚੋਜ-ਅਨੰਦ, ਲਾਡ-ਪਿਆਰ। ਸੁਤਹ–ਪੁੱਤਰਾਂ ਦਾ। ਹਿਤ–ਹਿਤੂ, ਪਿਆਰੇ। ਬੰਧਵ–ਰਿਸ਼ਤੇਦਾਰ। ਮੋਹ ਕੁਟੰਬ੍ਯਤੇ–ਕੁਟੰਬੀਆਂ ਦੇ ਮੋਹ-ਪਿਆਰ। ਚਪਲ–ਚੰਚਲ। ਮੋਹਨੀ ਰੂਪੰ–ਰੂਪਵੰਤੀ ਸੁੰਦਰੀ, ਮਾਇਆ। ਪੇਖੰਤੇ–ਵੇਖਦਿਆਂ ਹੀ। ਤਿਆਗੰ ਕਰੋਤਿ–ਤਿਆਗ ਜਾਂਦੀ ਹੈ, ਛਡ ਜਾਂਦੀ ਹੈ। ਰਹੰਤ–ਰਹਿੰਦਾ ਹੈ, ਨਿਭਦਾ ਹੈ। ਸੰਗ–ਸੰਗਿ, ਨਾਲ। ਭਗਵਾਨ ਸਿਮਰਣ–ਪ੍ਰਭੂ ਦਾ ਸਿਮਰਨ ਹੀ। ਲਬਧ੍ਯੰ–ਲਭਦਾ ਹੈ। ਅਚੁਤ–ਅਬਿਨਾਸ਼ੀ, ਵਾਹਿਗੁਰੂ। ਤਨਹ–ਪੁੱਤਰਾਂ ਨੂੰ। ਅਚੁਤ ਤਨਹ–ਵਾਹਿਗੁਰੂ ਦੇ ਪੁੱਤਰਾਂ ਅਥਵਾ ਸੰਤਾਂ ਨੂੰ।੧।

**ਅਰਥ** :–ਕਿਸ ਦੀ (ਕੋਈ) ਮਾਤਾ ਹੈ ਤੇ ਕਿਸ ਦਾ ਪਿਤਾ ਹੈ? ਕਾਹਦੇ ਹਨ ਇਸਤ੍ਰੀ ਤੇ ਪੁੱਤਰਾਂ ਦੇ ਚੋਜ-ਅਨੰਦ? ਕਾਹਦੇ ਹੋਏ ਇਹ ਭਰਾ, ਮਿੱਤਰ ਤੇ ਸਨਬੰਧੀ ਆਦਿ? ਅਤੇ ਕੁਟੰਬੀਆਂ ਦਾ ਮੋਹ-ਪਿਆਰ ਕਿਸ ਕੰਮ? ਚੰਚਲ ਤੇ ਮਨਮੋਹਣੇ ਰੂਪ ਵਾਲੀ ਮਾਇਆ ਕਿਸ ਕੰਮ, ਜੋ ਵੇਖਦਿਆਂ ਵੇਖਦਿਆਂ ਹੀ ਛਡ ਜਾਂਦੀ ਹੈ?

'ਨਾਨਕ'! (ਪ੍ਰਾਣੀ ਦੇ) ਨਾਲ ਕੇਵਲ ਵਾਹਿਗੁਰੂ ਦਾ ਸਿਮਰਨ ਹੀ ਨਿਭਦਾ ਹੈ, ਪਰ ਇਹ ਅਮੋਲਕ ਪਦਾਰਥ ਲਭਦਾ ਹੈ ਅਬਿਨਾਸ਼ੀ ਪ੍ਰਭੂ ਦੇ ਪੁਤਰਾਂ (ਸੰਤਾਂ) ਨੂੰ।੧।

**ਸਾਰੰਸ਼** :–ਮਾਤਾ ਪਿਤਾ, ਪੁਤਰ ਧੀਆਂ, ਸਾਕ ਸਨਬੰਧੀਆਂ ਅਤੇ ਮਾਇਕ ਪਦਾਰਥ ਆਦਿ, ਇਨ੍ਹਾਂ ਸਾਰਿਆਂ ਵਿਚੋਂ, ਪ੍ਰਾਣੀ ਦੇ ਸੰਗ ਕੋਈ ਭੀ ਨਹੀਂ ਨਿਭਦਾ। ਕੇਵਲ ਵਾਹਿਗੁਰੂ ਦਾ ਸਿਮਰਨ ਹੀ ਸਾਥ ਨਿਭਣ ਵਾਲਾ ਸੱਚਾ ਸਾਥੀ ਹੈ।੧।

ਧ੍ਰਿਗੰਤ ਮਾਤ ਪਿਤਾ ਸਨੇਹੰ
ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥



www.AKJ.Org

ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ ॥
ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ ॥
ਸਾਧ ਸੰਗੇ ਸ੍ਨੇਹ ਸਤ੍ਯਿੰ ॥
ਸੁਖਯੰ ਬਸੰਤਿ ਨਾਨਕਹ ॥੨॥

**ਪਦ ਅਰਥ** :–ਧ੍ਰਿਗੰਤ–ਧਿਰਕਾਰ ਯੋਗ ਹੈ, ਫਿਟਕਾਰ ਯੋਗ ਹੈ। ਸਨੇਹੰ–ਮੋਹ, ਪਿਆਰ। ਬਾਂਧਵਹ–ਸਨਬੰਧੀਆਂ ਦਾ। ਬਨਿਤਾ–ਪਤਨੀ। ਬਿਲਾਸ–ਕਲੋਲ। ਸੁਤਹ–ਪੁੱਤਰਾਂ ਦੇ। ਗ੍ਰਿਹਾਰਥਕਹ–ਘਰ ਦੇ ਧੰਧਿਆਂ ਦਾ। ਸਤ੍ਯਿੰ–ਸੱਚਾ, ਸਦੀਵੀ। ਸੁਖਯੰ ਬਸੰਤਿ–ਸੁਖ ਨਾਲ ਵਸਦਾ ਹੈ। ਨਾਨਕਹ– ਨਾਨਕਾ, ਹੇ ਨਾਨਕ !

**ਅਰਥ** :–ਮਾਤਾ ਪਿਤਾ ਦਾ ਮੋਹ ਫਿਟਕਾਰ ਯੋਗ ਹੈ, ਭਰਾਵਾਂ ਤੇ ਸਾਕਾਂ ਸਨਬੰਧੀਆਂ ਦਾ ਮੋਹ ਵੀ ਧਿਰਕਾਰ ਯੋਗ ਹੈ। ਇਸਤ੍ਰੀ ਅਤੇ ਪੁਤਰਾਂ ਦਾ ਮੋਹ ਅਤੇ ਕਲੋਲ ਵੀ ਫਿਟਕਾਰ ਯੋਗ ਹਨ, ਘਰ ਦੇ ਧੰਧਿਆਂ ਦਾ ਮੋਹ ਵੀ ਧਿਰਕਾਰ ਯੋਗ ਹੈ।

ਹੇ ਨਾਨਕ ! ਸਾਧ ਸੰਗਤ ਦਾ ਪਿਆਰ ਹੀ ਸੱਚਾ ਅਥਵਾ ਸਦੀਵੀ ਹੈ ਅਤੇ (ਸਾਧ ਸੰਗਤ ਨਾਲ ਪਿਆਰ ਕਰ ਕੇ ਹੀ ਮਨੁੱਖ) ਸੁਖ-ਅਨੰਦ ਨਾਲ ਵਸ ਸਕਦਾ ਹੈ।੨।

**ਸਾਰੰਸ਼** :–ਮਾਤਾ ਪਿਤਾ, ਇਸਤ੍ਰੀ ਪੁੱਤਰ, ਸਾਕ ਸਨਬੰਧੀ ਅਤੇ ਘਰ ਦੇ ਧੰਧਿਆਂ ਆਦਿ ਦਾ ਮੋਹ ਹੋਛਾ ਅਤੇ ਘਟੀਆ ਹੈ, ਕਿਉਂਕਿ ਇਹ ਮੋਹ ਕਿਸੇ ਗ਼ਰਜ਼ ਖ਼ਾਤਰ ਹੁੰਦਾ ਹੈ। ਇਹ ਅੰਤ ਨੂੰ ਦੁਖਦਾਈ ਹੋ ਨਿਬੜਦਾ ਹੈ। ਸਾਧ ਸੰਗਤ ਨਾਲ ਲਾਈ ਪ੍ਰੀਤ ਹੀ ਤੋੜ ਨਿਭਣ ਵਾਲੀ ਅਤੇ ਸੁਖਦਾਈ ਹੈ।੨।

ਮਿਥੰਤ੍ਯ ਦੇਹੰ ਖੀਣੰਤ ਬਲਨੰ ॥
ਬਰਧੰਤਿ ਜਰੂਆ ਹਿਤੰਤ੍ਯ ਮਾਇਆ ॥
ਅਤੰਤ੍ਯ ਆਸਾ ਆਥਿਤ੍ਯ ਭਵਨੰ ॥
ਗਨੰਤ ਸ੍ਵਾਸਾ ਭੈਯਾਨ ਧਰਮੰ ॥
ਪਤੰਤਿ ਮੋਹ ਕੂਪ ਦੁਰਲਭ੍ਯ ਦੇਹੰ
ਤਤ ਆਸ੍ਰਯੰ ਨਾਨਕ ॥
ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥੩॥

**ਪਦ ਅਰਥ** :–ਮਿਥੰਤ੍ਯ–ਮਿਥਿਆ ਹੈ, ਨਾਸਵੰਤ ਹੈ। ਦੇਹੰ–ਦੇਹੀ। ਖੀਣੰਤ–ਖੀਣ ਹੋਣ ਵਾਲਾ, ਨਾਸ ਹੋਣ ਵਾਲਾ। ਬਲਨੰ–ਬਲ। ਬਰਧੰਤਿ–ਵਧਦਾ ਹੈ। ਜਰੂਆ–ਬੁਢੇਪਾ। ਹਿਤੰਤ੍ਯ–ਹਿਤ, ਮੋਹ। ਅਤੰਤ੍ਯ–ਅਤਯੰਤ, ਬਹੁਤ ਹੀ। ਆਥਿਤ੍ਯ–ਅ+ਥਿਤ੍ਯ, ਨਾਸ਼ਮਾਨ। ਭਵਨੰ–(ਸੰਸਾਰ ਰੂਪ) ਘਰ। ਗਨੰਤ–ਗਿਣਦਾ ਹੈ। ਭੈਯਾਨ–ਭਿਆਨਕ (ਜਮਦੂਤ)। ਭੈਯਾਨ ਧਰਮੰ–ਧਰਮ ਰਾਜ ਦੇ ਡਰਾਉਣੇ ਜਮਦੂਤ। ਪਤੰਤਿ–ਡਿਗਦੀ ਹੈ। ਕੂਪ–ਖੂਹੀ ਵਿਚ। ਦੁਰਲਭ੍ਯ ਦੇਹੰ–ਮੁਸ਼ਕਲ ਨਾਲ ਪ੍ਰਾਪਤ ਹੋਈ ਦੇਹੀ। ਤਤ–ਤਿਥੇ। ਆਸ੍ਰਯੰ–ਆਸਰਾ।੩।

**ਅਰਥ** :–ਦੇਹੀ ਨਾਸ ਹੋਣ ਵਾਲੀ ਹੈ, (ਇਸ ਦੇਹੀ ਦਾ) ਬਲ ਵੀ ਖ਼ਤਮ ਹੋਣ ਵਾਲਾ ਹੈ। (ਜਿਉਂ ਜਿਉਂ) ਬੁਢੇਪਾ ਵਧਦਾ ਹੈ (ਤਿਉਂ ਤਿਉਂ ਇਸ ਨੂੰ) ਮਾਇਆ ਦਾ ਮੋਹ ਅਧਿਕ ਹੁੰਦਾ ਜਾਂਦਾ ਹੈ, ਜੀਵ ਨੇ ਇਸ ਨਾਸ਼ਮਾਨ ਭਵਨ (ਸੰਸਾਰ) ਵਿਚ ਏਨੀ ਜ਼ਿਆਦਾ ਆਸਾ ਵਧਾ ਰਖੀ ਹੈ। ਧਰਮਰਾਜ ਦੇ ਡਰਾਉਣੇ ਜਮਦੂਤ (ਹਰ ਘੜੀ) ਇਸ ਦੇ ਸਵਾਸ ਗਿਣਦੇ ਰਹਿੰਦੇ ਹਨ। ਇਹ ਦੁਰਲਭ ਮਨੁਖਾ ਦੇਹੀ ਮਾਇਆ ਦੇ ਮੋਹ ਦੀ ਖੂਹੀ ਵਿਚ ਡਿਗੀ ਰਹਿੰਦੀ ਹੈ।



www.AKJ.Org

'ਨਾਨਕ' ! ਤਿਥੇ (ਭਾਵ, ਅਜਿਹੀ ਦੁਰਦਸ਼ਾ ਵਿਚ) ਗੋਬਿੰਦ ਪ੍ਰਭੂ ਦਾ ਸਿਮਰਨ ਅਤੇ ਗੋਪਾਲ ਪ੍ਰਭੂ ਦੀ ਕਿਰਪਾ ਹੀ ਆਸਰਾ ਬਣ ਸਕਦੇ ਹਨ।੩।

**ਸਾਰੰਸ਼** :—ਇਹ ਸਰੀਰ ਬਿਨਸਨਹਾਰ ਹੈ। ਮਨੁੱਖ ਦੀ ਉਮਰ ਜਿਉਂ ਜਿਉਂ ਵਡੇਰੀ ਹੁੰਦੀ ਜਾਂਦੀ ਹੈ, ਇਸ ਦੀਆਂ ਆਸਾਂ ਵਧਦੀਆਂ ਜਾਂਦੀਆਂ ਹਨ ਤੇ ਜੀਵ ਮੋਹ ਦੇ ਚਿਕੜ ਵਿਚ ਵਧੇਰੇ ਫਸਦਾ ਜਾਂਦਾ ਹੈ। ਇਸ ਨਿਘਰੀ ਹੋਈ ਹਾਲਤ ਵਿਚ ਕੇਵਲ ਪ੍ਰਭੂ ਦੀ ਬਖਸ਼ਸ਼ ਅਤੇ ਪ੍ਰਭੂ ਦਾ ਸਿਮਰਨ ਹੀ ਸਹਾਈ ਹੋ ਸਕਦੇ ਹਨ।੩।

**ਕਾਚ ਕੋਟੰ ਰਚੰਤਿ ਤੋਯੰ**
**ਲੇਪਨੰ ਰਕਤ ਚਰਮਣਹ ॥**
**ਨਵੰ ਤ ਦੁਆਰੰ ਭੀਤ ਰਹਿਤੰ**
**ਬਾਇ ਰੂਪੰ ਅਸਥੰਭਨਹ ॥**
**ਗੋਬਿੰਦ ਨਾਮੰ ਨਹ ਸਿਮਰੰਤਿ**
**ਅਗਿਆਨੀ ਜਾਨੰਤਿ ਅਸਥਿਰੰ ॥**
**ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ ॥**
**ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ ॥੪॥**

**ਪਦ ਅਰਥ** :—ਕਾਚ ਕੋਟੰ—ਕੱਚਾ ਕਿਲ੍ਹਾ (ਸਰੀਰ)। ਰਚੰਤਿ—ਰਚਿਆ ਹੋਇਆ ਹੈ। ਤੋਯੰ—ਪਾਣੀ ਦਾ। ਲੇਪਨੰ—ਲੇਪਣ, ਪੋਚਾ। ਰਕਤ—ਰਤ,ਲਹੂ। ਚਰਮਣਹ—ਚੰਮ ਦਾ। ਨਵੰ ਤ ਦੁਆਰੰ—ਨੌਂ ਤਾਂ ਦੁਆਰੇ, ਗੋਲਕਾਂ, ਰਸਤੇ (ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਇਕ ਮੂੰਹ, ਦੋ ਨਾਲੀਆਂ ਗੰਦਗੀ ਬਾਹਰ ਕਢਣ ਵਾਲੀਆਂ)। ਭੀਤ—ਭਿੱਤ, ਦਰਵਾਜ਼ੇ। ਭੀਤ ਰਹਿਤੰ—ਦਰਵਾਜ਼ਿਆਂ ਤੋਂ ਬਗੈਰ। ਬਾਇ—ਵਾਯੂ, ਸਵਾਸ। ਅਸਥੰਭਨਹ—ਥੰਮ੍ਹ। ਨਹ ਸਿਮਰੰਤਿ—ਨਹੀਂ ਸਿਮਰਦਾ। ਜਾਨੰਤਿ—ਜਾਣਦਾ ਹੈ। ਅਸਥਿਰੰ—ਅਸਥਿਰ, ਸਦਾ ਕਾਇਮ ਰਹਿਣ ਵਾਲਾ। ਉਧਰੰਤ—ਉਧਰਦੀ ਹੈ। ਜਪੰਤਿ—ਜਪਦਿਆਂ ਹੋਇਆਂ।੪।

**ਅਰਥ** :—(ਸਰੀਰ ਮਾਨੋ ਇਕ) ਕੱਚਾ ਕਿਲ੍ਹਾ ਹੈ, ਜੋ ਪਾਣੀ (ਰਕਤ ਬੂੰਦ) ਦਾ ਬਣਿਆ ਹੋਇਆ ਹੈ। ਇਸ ਉਤੇ ਲਹੂ ਤੇ ਚੰਮ ਦਾ ਲੇਪਣ ਦਿਤਾ ਹੋਇਆ ਹੈ। (ਇਸ ਸਰੀਰ ਦੇ) ਨੌਂ ਦੁਆਰੇ ਹਨ, ਜਿਨ੍ਹਾਂ ਨੂੰ ਕੋਈ ਦਰਵਾਜ਼ਾ ਨਹੀਂ (ਅਤੇ ਇਸ ਵਿਚ) ਸੁਆਸ ਥੰਮ੍ਹ ਰੂਪ ਹਨ। (ਅਜਿਹੇ ਕੱਚੇ ਕਿਲ੍ਹੇ ਨੂੰ) ਅਗਿਆਨੀ ਜੀਵ ਸਦਾ ਥਿਰ ਰਹਿਣ ਵਾਲਾ ਸਮਝੀ ਬੈਠਾ ਹੈ ਅਤੇ (ਦੇਹ-ਅਧਿਆਸ ਵਿਚ ਫਸਿਆ ਹੋਇਆ ਕਦੇ ਵੀ) ਪ੍ਰਭੂ ਦਾ ਨਾਮ ਨਹੀਂ ਸਿਮਰਦਾ।

'ਨਾਨਕ' ! ਇਹ ਅਮੋਲਕ ਮਨੁੱਖਾ ਦੇਹੀ ਸਾਧੂ-ਸਤਿਗੁਰੂ ਦੀ ਸ਼ਰਨ ਪੈ ਕੇ ਅਤੇ ਸੁਆਸ ਸੁਆਸ ਹਰਿ-ਨਾਮ ਜਪਦਿਆਂ ਹੀ (ਭਵ-ਸਾਗਰ ਤੋਂ) ਉਧਰ ਸਕਦੀ ਹੈ।੪।

**ਸਾਰੰਸ਼** :—ਅਗਿਆਨਤਾ ਦੇ ਕਾਰਨ, ਜੀਵ ਨਾਸ਼ਮਾਨ ਸਰੀਰ ਨੂੰ ਅਸਥਿਰ ਜਾਣ ਕੇ, ਇਸ ਦੇ ਮੋਹ ਵਿਚ ਫਸਿਆ ਹੋਇਆ, ਸਿਰਜਣਹਾਰ ਪ੍ਰਭੂ ਨੂੰ ਵਿਸਾਰ ਛਡਦਾ ਹੈ। ਮਨੁੱਖਾ ਦੇਹੀ ਪ੍ਰਭੂ-ਸਿਮਰਨ ਦੁਆਰਾ ਹੀ ਸਫਲ ਹੋ ਸਕਦੀ ਹੈ।੪।

**ਸੁਭੰਤ ਤੁਯੰ ਅਚੁਤ ਗੁਣਗੵੰ**
**ਪੂਰਨੰ ਬਹੁਲੋ ਕ੍ਰਿਪਾਲਾ ॥**
**ਗੰਭੀਰੰ ਊਚੈ ਸਰਬਗਿ ਅਪਾਰਾ ॥**
**ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥**
**ਅਨਾਥ ਨਾਥ ਨਾਨਕ ਸਰਣੰ ॥੫॥**



www.AKJ.Org

**ਪਦ ਅਰਥ** :–ਸੁਭੰਤ–ਸੁਭਾਇਮਾਨ। ਤੁਯੰ–ਤੂੰ। ਅਚੁਤ–ਅਬਿਨਾਸ਼ੀ, ਅਟੱਲ। ਗੁਣਗੵ–ਗੁਣਾਂ ਦਾ ਗਿਆਤਾ। ਪੂਰਨੰ–ਪਰੀਪੂਰਨ। ਬਹੁਲੋ–ਬਹੁਤ ਹੀ। ਗੰਭੀਰੰ–ਗੰਭੀਰ, ਡੂੰਘਾ, ਅਥਾਹ। ਸਰਬਗਿ–ਸਰਬਗਜ, ਸਭ ਦੀ ਜਾਨਣਹਾਰ। ਭ੍ਰਿਤਿਆ ਪ੍ਰਿਅੰ–ਦਾਸਾਂ ਦਾ ਪਿਆਰਾ।੫।

ਨੋਟ :–ਗੁਰਬਾਣੀ ਵਿਚ 'ਤੋਯੰ' ਅਤੇ 'ਤੁਯੰ' ਦੋ ਸ਼ਬਦ ਆਉਂਦੇ ਹਨ, ਜਿਨ੍ਹਾਂ ਦੀ ਅਖਰੀ ਬਣਤਰ ਮਿਲਦੀ ਜੁਲਦੀ ਹੈ। ਫਰਕ ਇਹ ਹੈ ਕਿ ਇਕ ਸ਼ਬਦ ਦੇ ਮੁਢਲੇ 'ਤ' ਅਖਰ ਨੂੰ ਹੋੜਾ ਹੈ, ਦੂਜੇ ਨੂੰ ਔਂਕੜ। ਇਹਨਾਂ ਦੋਹਾਂ ਸ਼ਬਦਾਂ ਦੇ ਉਚਾਰਨ ਵਿਚ ਵੀ ਫ਼ਰਕ ਹੈ, ਅਤੇ ਅਰਥਾਂ ਵਿਚ ਵੀ। 'ਤੋਯੰ' ਦਾ ਉਚਾਰਨ ਹੈ 'ਤੋਇਅੰ' ਅਤੇ ਅਰਥ ਹੈ 'ਪਾਣੀ'। 'ਤੁਯੰ' ਦਾ ਉਚਾਰਨ ਹੈ 'ਤੁਅੰ' ਅਤੇ ਅਰਥ ਹੈ 'ਤੂੰ'।

**ਅਰਥ** :–ਹੇ ਗੁਣਾਂ ਦੇ ਗਿਆਤਾ ਅਬਿਨਾਸ਼ੀ ਵਾਹਿਗੁਰੂ! ਤੂੰ ਸਭ ਥਾਈਂ ਪਰੀਪੂਰਨ ਹੋ ਕੇ ਸੁਭਾਇਮਾਨ ਹੈਂ। ਤੂੰ ਬਹੁਤ ਕਿਰਪਾਲੂ ਹੈਂ, ਗਹਿਰ ਗੰਭੀਰ ਹੈਂ, ਸਰਬੋਤਮ ਹੈਂ, ਸਭ ਕੁਝ ਜਾਣਨ ਵਾਲਾ ਹੈਂ, ਤੇਰਾ ਪਾਰਾਵਾਰ ਕੋਈ ਨਹੀਂ ਪਾ ਸਕਦਾ। ਤੂੰ ਆਪਣੇ ਦਾਸਾਂ ਦਾ ਪਿਆਰਾ ਹੈਂ, ਤੇਰੇ ਚਰਨ ਕਮਲ ਹੀ ਤੇਰੇ ਦਾਸਾਂ ਦਾ ਆਸਰਾ ਹਨ। ਹੇ ਅਨਾਥਾਂ ਦੇ ਨਾਥ ਪ੍ਰਭੂ! ਮੈਂ 'ਨਾਨਕ' ਤੇਰੀ ਸ਼ਰਨ ਹਾਂ।੫।

**ਸਾਰੰਸ਼** :–ਅਦੁਤੀ ਗੁਣਾਂ ਵਾਲਾ ਪ੍ਰਭੂ ਆਪਣੇ ਭਗਤਾਂ ਦਾ ਪਿਆਰ ਹੈ। ਭਗਤਾਂ ਨੂੰ ਉਸ ਦੀ ਚਰਨ ਸਰਨ ਦਾ ਹੀ ਸਹਾਰਾ ਹੈ।੫।

**ਮ੍ਰਿਗੀ ਪੇਖੰਤ ਬਧਿਕ**
**ਪ੍ਰਹਾਰੇਣ ਲਖੵ ਆਵਧਹ ॥**
**ਅਹੋ ਜਸੵ ਰਖੇਣ ਗੋਪਾਲਹ**
**ਨਾਨਕ ਰੋਮ ਨ ਛੇਦੵਤੇ ॥੬॥**

**ਪਦ ਅਰਥ** :–ਮ੍ਰਿਗੀ–ਹਰਨੀ। ਪੇਖੰਤ–ਵੇਖ ਕੇ, ਵੇਖਦਿਆਂ ਹੀ। ਬਧਿਕ–ਸ਼ਿਕਾਰੀ। ਪ੍ਰਹਾਰੇਣ–ਚੋਟ ਮਾਰਦਾ ਹੈ। ਲਖੵ–ਲਕਸ਼, ਨਿਸ਼ਾਨਾ। ਆਵਧਹ–ਸ਼ਸਤਰ ਨਾਲ। ਅਹੋ–ਅਸਚਰਜ, ਵਾਹ! ਜਸੵ–ਜਿਸ ਦਾ। ਰਖੇਣ–ਰਖਣ ਵਾਲਾ, ਰਾਖਾ। ਰੋਮ ਨ ਛੇਦੵਤੇ–ਵਾਲ ਵਿੰਗਾ ਨਹੀਂ ਕਰ ਸਕਦਾ।੬।

**ਅਰਥ** :–ਹਰਨੀ ਨੂੰ ਵੇਖਦਿਆਂ ਸਾਰ ਸ਼ਿਕਾਰੀ ਨਿਸ਼ਾਨਾ ਬੰਨ੍ਹ ਕੇ ਸ਼ਸਤਰ ਨਾਲ ਚੋਟ ਕਰਦਾ ਹੈ। ਪਰ 'ਨਾਨਕ'! ਅਸਚਰਜ ਹੈ ਕਿ ਜਿਸ ਦਾ ਰਾਖਾ ਗੋਪਾਲ-ਪ੍ਰਭੂ ਹੁੰਦਾ ਹੈ ਉਸ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ।੬।

**ਸਾਰੰਸ** :– ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ ॥੮॥

[ਰਾਮਕਲੀ ਕੀ ਵਾਰ ਮ: ੫–੯੬੧

ਅਥਵਾ–ਜਿਸ ਕੋ ਸਾਜਨ ਰਾਖਸੀ ਦੁਸਮਨ ਕਉਨ ਬੀਚਾਰ ॥ [ਬਚਿਤ੍ਰ ਨਾਟਕ

**ਬਹੁ ਜਤਨ ਕਰਤਾ ਬਲਵੰਤ ਕਾਰੀ**
**ਸੇਵੰਤ ਸੂਰਾ ਚਤੁਰ ਦਿਸਹ ॥**
**ਬਿਖਮ ਥਾਨ ਬਸੰਤ ਊਚਹ**
**ਨਹ ਸਿਮਰੰਤ ਮਰਣੰ ਕਦਾਂਚਹ ॥**
**ਹੋਵੰਤਿ ਆਗਿਆ ਭਗਵਾਨ ਪੁਰਖਹ**
**ਨਾਨਕ ਕੀਟੀ ਸਾਸ ਆਕਰਖਤੇ ॥੭॥**

**ਪਦ ਅਰਥ** :–ਬਲਵੰਤ–ਬਲਵਾਨ। ਕਾਰੀ–ਬੜਾ, ਡਾਢਾ। ਸੇਵੰਤ–ਸੇਵਾ ਕਰਦੇ ਹੋਣ। ਸੂਰਾ–ਸੂਰਮੇ, ਜੋਧੇ। ਚਤੁਰ ਦਿਸਹ–ਚਾਰੇ ਪਾਸਿਆਂ ਤੋਂ, ਚਹੁੰ ਦਿਸ਼ਾਂ ਤੋਂ। ਬਿਖਮ ਥਾਨ–ਔਖੀ ਥਾਂ, ਜਿਥੇ ਪਹੁੰਚਣਾ



www.AKJ.Org

ਔਖਾ ਹੋਵੇ। ਬਸੰਤ–ਵਸਦਾ ਹੋਵੇ। ਨਹ ਸਿਮਰੰਤ–ਨਹੀਂ ਚੇਤੇ ਕਰਦਾ। ਮਰਣੰ–ਮਰਨਾ, ਮੌਤ। ਕਦਾਂਚਹ–ਕਦੇ ਵੀ। ਹੋਵੰਤਿ–ਹੁੰਦੀ ਹੈ। ਭਗਵਾਨ ਪੁਰਖਹ–ਭਗਵਾਨ ਪੁਰਖ ਦੀ। ਕੀਟੀ–ਕੀੜੀ। ਆਕਰ ਖਤੇ–ਖਿਚ ਲੈਂਦੀ ਹੈ।੭।

**ਅਰਥ** :–(ਜੇ ਕੋਈ ਪ੍ਰਾਣੀ) ਬੜੇ ਉਪਾਵ ਕਰਨ ਦੇ ਸਮਰੱਥ ਹੋਵੇ, ਤਕੜੇ ਬਲ ਵਾਲਾ ਹੋਵੇ, ਚਹੁੰਆਂ ਪਾਸਿਆਂ ਤੋਂ (ਵੱਡੇ ਵੱਡੇ) ਸੂਰਮੇ ਉਸ ਦੀ ਸੇਵਾ ਕਰਦੇ ਹੋਣ, ਉਹ ਇੰਨੇ ਉਚੇ ਥਾਂ ਵਸਦਾ ਹੋਵੇ ਜਿਥੇ ਪਹੁੰਚਣਾ ਔਖਾ ਹੋਵੇ, (ਅਜਿਹੀ ਸੁਰੱਖਿਅਤ ਸਥਿਤੀ ਵਿਚ) ਮਰਨਾ ਉਸ ਦੇ ਚਿਤ-ਚੇਤੇ ਨਾ ਆਉਂਦਾ ਹੋਵੇ ;

(ਏਨਾ ਬਲ ਅਤੇ ਐਸ਼ਵਰਜ ਹੋਣ ਦੇ ਬਾਵਜੂਦ) ਜਦੋਂ ਅਕਾਲ ਪੁਰਖ ਵਲੋਂ (ਉਸ ਦੇ ਚਲਾਣੇ ਦੀ) ਆਗਿਆ ਹੋ ਜਾਂਦੀ ਹੈ, ਤਾਂ 'ਨਾਨਕ' ! ਨਿਕੀ ਜਿਹੀ ਕੀੜੀ ਉਸ (ਮਹਾਂਬਲੀ) ਦਾ ਸਾਹ ਖਿਚ ਲੈਂਦੀ ਹੈ।੭।

**ਸਾਰੰਸ਼** :–ਆਪਣੀ ਸਿਆਣਪ, ਤਾਕਤ ਅਤੇ ਐਸ਼ਵਰਜ ਦੇ ਨਸ਼ੇ ਵਿਚ ਗਲਤਾਨ ਮਨੁੱਖ ਮੌਤ ਨੂੰ ਭੁਲ ਜਾਂਦਾ ਹੈ। ਜੇ ਸਰਬ ਸ਼ਕਤੀਮਾਨ ਪ੍ਰਭੂ ਨੂੰ ਭਾਵ ਤਾਂ ਇਕ ਤੁਛ ਜਿਹੇ ਜੀਵ ਦੁਆਰਾ ਉਸ ਦਾ ਬਿਨਾਸ ਹੋ ਜਾਂਦਾ ਹੈ।੭।

**ਸਬਦੰ ਰਤੰ ਹਿਤੰ ਮਾਇਆ**
**ਕੀਰਤੰ ਕਲੀ ਕਰਮ ਕ੍ਰਿਤੁਆ ॥**
**ਮਿਟੰਤਿ ਤਤ੍ਰਾਗਤ ਭਰਮ ਮੋਹੰ ॥**
**ਭਗਵਾਨ ਰਮਣੰ ਸਰਬਤ੍ਰ ਥਾਨ੍ਹਿੰ ॥**
**ਦ੍ਰਿਸਟਿ ਤੁਯੰ ਅਮੋਘ ਦਰਸਨੰ**
**ਬਸੰਤ ਸਾਧ ਰਸਨਾ ॥**
**ਹਰਿ ਹਰਿ ਹਰਿ ਹਰੇ**
**ਨਾਨਕ ਪ੍ਰਿਅੰ ਜਾਪੁ ਜਪਨਾ ॥੮॥**

**ਪਦ ਅਰਥ** :–ਸਬਦੰ ਰਤੰ–ਸ਼ਬਦ ਵਿਚ ਪ੍ਰੀਤੀ। ਹਿਤੰ–ਹਿਤ, ਪਿਆਰ। ਮਇਆ–ਦਇਆ, ਜੀਵਾਂ ਤੇ ਦਇਆ ਕਰਨੀ। ਕੀਰਤੰ–ਕੀਰਤੀ, ਪ੍ਰਭੂ ਦੀ ਸਿਫਤ ਸਲਾਹ। ਕਲੀ–ਕਲਿਜੁਗ। ਕ੍ਰਿਤੁਆ–ਕਰਨ ਯੋਗ। ਤਤ੍ਰਾਗਤ–ਤਤ੍ਰ+ਆਗਤ, ਉਥੇ ਆਏ। ਭਰਮ ਮੋਹੰ–ਭਰਮ ਤੇ ਮੋਹ। ਰਮਣੰ–ਵਿਆਪਕ ਹੋ ਰਿਹਾ। ਸਰਬਤ੍ਰ ਥਾਨ੍ਹਿੰ–ਸਾਰੀਆਂ ਥਾਵਾਂ ਤੇ। ਅਮੋਘ--ਸਫਲ। ਬਸੰਤ–ਵਸਦਾ ਹੈ।੮।

**ਅਰਥ** :–ਜੋ ਮਨੁੱਖ ਕਲਜੁਗ ਵਿਚ ਕਰਨ ਜੋਗ ਕਰਮ : ਗੁਰ-ਸ਼ਬਦ ਨਾਲ ਪ੍ਰੀਤ, ਜੀਅ-ਦਇਆ ਨਾਲ ਪ੍ਰੇਮ ਅਤੇ ਵਾਹਿਗੁਰੂ ਦੀ ਕੀਰਤੀ (ਸਿਫ਼ਤ ਸਲਾਹ) ਕਰਦਾ ਹੈ, ਓਥੇ (ਉਸ ਦੇ ਅੰਦਰ) ਆਏ ਹੋਏ ਸਾਰੇ ਭਰਮ ਤੇ ਮੋਹ ਮਿਟ ਜਾਂਦੇ ਹਨ। ਉਸ ਨੂੰ ਸਭਨੀਂ ਥਾਈਂ ਪ੍ਰਭੂ ਰਮਿਆ ਹੋਇਆ ਪ੍ਰਤੀਤ ਹੁੰਦਾ ਹੈ।

ਹ ਪ੍ਰਭੂ ! ਜਿਨ੍ਹਾਂ ਸਤ-ਪੁਰਸ਼ਾਂ ਨੂੰ ਤੇਰੇ ਨਾਮ ਦਾ ਜਾਪ ਜਪਣਾ ਪਿਆਰਾ ਲਗਦਾ ਹੈ ਤੇ ਜਿਨ੍ਹਾਂ ਦੀ ਰਸਨਾ ਤੇ ਸਦਾ ਤੇਰਾ ਨਾਮ ਵਸਦਾ ਹੈ, ਉਨ੍ਹਾਂ ਵਿਚੋਂ ਮੈਨੂੰ ਨਾਨਕ ਨੂੰ ਤੇਰਾ ਸਫਲ ਦੀਦਾਰ ਮੂਰਤੀਮਾਨ ਹੁੰਦਾ ਹੈ।੮।

**ਸਾਰੰਸ਼** :–ਸ਼ਬਦ ਵਿਚ ਪ੍ਰੀਤ ਜੋੜਨਹਾਰਿਆਂ ਨੂੰ ਪ੍ਰਭੂ ਅੰਦਰ ਬਾਹਰ ਸਾਖਿਆਤਕਾਰ ਹੋ ਜਾਂਦਾ ਹੈ। ਅਜਿਹੇ ਨਾਮ-ਵਿਗਸੇ ਸਤ-ਪੁਰਸ਼ਾਂ ਦੇ ਦਰਸ਼ਨ ਵਿਚੋਂ ਵਾਹਿਗੁਰੂ ਦਾ ਦੀਦਾਰ ਮੂਰਤੀਮਾਨ ਹੁੰਦਾ ਹੈ।੮।

---

## ਗੁਰਦੁਆਰਾ ਰਾਮਗੜ੍ਹੀਆ ਚੰਡੀਗੜ੍ਹ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਚੰਡੀਗੜ੍ਹ ਵਲੋਂ 25 ਅਪਰੈਲ ਸ਼ਨੀਵਾਰ ਦੀ ਰਾਤ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼-ਉਤਸ਼ਵ ਦੇ ਸੰਬੰਧ ਵਿਚ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ।



www.AKJ.Org

# ਅਖੰਡ ਕੀਰਤਨੀ ਜਥਾ—ਹਿਸਾਬ ਕਿਤਾਬ

**ਅਕਤੂਬਰ 80 ਤੋਂ ਮਾਰਚ 81**

### ਸ਼ਹੀਦੀ ਫੰਡ

| | |
|---|---|
| ਸੂਰਾ ਅਕਤੂਬਰ 80 ਵਿਚ ਬਾਕੀ | 49676-88 |
| ਭਾ: ਨਿਰੰਤਰ ਸਿੰਘ ਬੀ: ਪ੍ਰਕਾਸ਼ ਕੌਰ ਅੰਬਾਲਾ ਛਾਉਣੀ | 200-00 |
| ਬੈਂਕ ਸੂਦ | 1184-80 |
| | 51061-68 |
| ਖਰਚ | 8694-45 |
| ਬਾਕੀ | 42367-23 |
| **ਖ਼ਰਚ**—ਅਪੀਲ ਸੰਬੰਧੀ | 100-00 |
| ਸੁਪਤਨੀ ਸ਼ਹੀਦਗੁਰਦਿਆਲ ਸਿੰਘ ਮੋਦੇ | 3500-00 |
| ਆਰਕਾਈਵਜ਼ ਚੋਂ ਰੀਕਾਰਡ ਲਈ | 5000-00 |
| ਅਖਬਾਰ 6 ਮਹੀਨੇ | 72-40 |
| ਡਾਕ ਖਰਚ | 22-05 |
| ਜੋੜ ਖ਼ਰਚ | 8694-45 |

### ਕੇਂਦਰੀ ਫੰਡ

| | |
|---|---|
| ਸੂਰਾ ਅਕਤੂਬਰ 80 ਵਿਚ ਬਾਕੀ | 6886-87 |
| ਸਿਖ ਸੰਗਤ ਪਾਲਮ ਕਾਲੋਨੀ ਦਿਲੀ ਛਾ: | 271-00 |
| ਸ: ਮਨੋਹਰ ਸਿੰਘ ਜੰਡੂ ਸਿੰਘਾ | 200-00 |
| ਸ: ਕੇਵਲਜੀਤ ਸਿੰਘ ਜਲੰਧਰ | 100-00 |
| ਸ: ਅਜੀਤ ਸਿੰਘ ਤਲਵੰਡੀ ਸਾਬੋ | 100-00 |
| ਸ: ਆਗਿਆ ਸਿੰਘ ਕਾਨਪੁਰ | 1000-00 |
| ਸ: ਮਹਿੰਦਰ ਸਿੰਘ ਸਗੂ ਕੈਨੇਡਾ | 20-00 |
| ਬੈਂਕ ਸੂਦ | 132-73 |
| | 8710-60 |
| ਡਾਕ ਖਰਚ | 36-25 |
| ਬਾਕੀ | 8674-35 |

ਦਾਸਰਾ—ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜਥਾ (ਕੇਂਦਰੀ ਦਫ਼ਤਰ) ਅੰਮ੍ਰਿਤਸਰ

---

# ਬਾਗੜੀਆਂ ਨੇੜੇ [ਤਰਨ ਤਾਰਨ] ਵਿਖੇ ਰੈਣ ਸਬਾਈ ਕੀਰਤਨ

ਭਾਈ ਸਰਦਾਰ ਸਿੰਘ ਵੈਦ ਬਿਨੈ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਪਿੰਡ ਬਾਗੜੀਆਂ ਵਿਖੇ 4 ਅਪਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ ਅਤੇ 5 ਅਪਰੈਲ ਸਵੇਰੇ ਬੱਚੀ ਦੇ ਅਨੰਦ ਕਾਰਜ ਹੋਣਗੇ। ਸਮੂਹ ਸੰਗਤਾਂ ਦਰਸ਼ਨ ਦੇ ਕੇ ਨਿਵਾਜਣ।

---

# ਗੁਰਮਤਿ ਨਾਮ ਅਭਿਆਸ ਕਮਾਈ ਤੇ ਜੇਲ੍ਹ ਚਿਠੀਆਂ

ਉਪਰੋਕਤ ਦੋਵੇਂ ਪੁਸਤਕਾਂ ਵੀ ਛਪ ਗਈਆਂ ਹਨ।

| | |
|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ |
| ਅਨਹਦ ਸ਼ਬਦ—ਦਸਮ ਦੁਆਰ | ੬-੦੦ |
| ਗੁਰਮਤਿ ਕਰਮ ਫ਼ਿਲਾਸਫ਼ੀ | ੧੩-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ |
| ਗੁਰਮਤਿ ਰਮਜ਼ਾਂ | ੧-੩੦ |
| ਅੰਮ੍ਰਿਤ ਕਲਾ | ੦-੫੦ |
| ਉਮਰ ਕੈਦੀ ਦਾ ਸੁਪਨਾ | ੦-੪੦ |
| ਸਬਦੁ ਗੁਰ ਪੀਰਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ |
| HAIR--A DIVINE GIFT | 0-40 |
| ਅੰਮ੍ਰਿਤ ਕੀ ਹੈ ? | ੧-੦੦ |
| ਜੇਲ੍ਹ ਚਿਠੀਆਂ | ੧੫-੦੦ |
| ਗੁਰਮਤਿ ਲੇਖ | ੫-੫੦ |
| ਗੁਰਮਤਿ ਵਿਚਾਰ | ੫-੫੦ |
| ਗੁਰਮਤਿ ਪ੍ਰਕਾਸ਼ | ੩-੭੫ |
| ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰਮਤਿ ਅਨਹਦ ਸ਼ਬਦ | ੦-੨੫ |
| ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੦੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਸ: ਮੋਹਨ ਸਿੰਘ ਜੀ ਕੈਨੇਡਾ ਦੇ 750/- ਰੁਪਏ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ। ਸਭ ਦੀਆਂ ਬੈਂਕ ਵਿਚੋਂ ਬਣਵਾਈਆਂ ਗਈਆਂ ਐਫ਼ ਡੀਆਂ ਦੇ ਨੰਬਰ ਇਸ ਪ੍ਰਕਾਰ ਹਨ :-

| | | | | |
|---|---|---|---|---|
| 781. | ਸ: ਇੰਦਰਜੀਤ ਸਿੰਘ ਦਿੱਲੀ | (ਚਿਟ ਨੰ: 3781) | 170978/282/81 | ਮਿਤੀ 26-3-81 |
| 782. | ਸ: ਭੁਪਿੰਦਰ ਸਿੰਘ ਖਾਲਸਾ ਬੰਗਲੌਰ | ( ,, 3782) | 170979/283/81 | ,, |
| 783. | ਬੀ: ਬਲਵਿੰਦਰ ਕੌਰ D/o ਸ: ਗੁਰਦੇਵ ਸਿੰਘ | ( ,, 3783) | 170980/284/81 | ,, |
| 784. | ਸ: ਮੋਹਨ ਸਿੰਘ ਕੈਨੇਡਾ | ( ,, 2245) | 170981/285/81 | ,, |
| 785. | ਗੁ: ਸਾਹਿਬ 133 ਵਰਕਸ ਇੰਜਨੀਅਰਜ਼ | ( ,, 3785) | 170982/286/81 | ,, |
| 786. | ,, ,, ਅਸ਼ਵਥ ਨਗਰ ਬੰਗਲੌਰ | ( ,, 3786) | 170983/287/81 | ,, |
| 787. | ਪ੍ਰਧਾਨ ਗੁਰਦਵਾਰਾ ਟੈਂਬਰਮ ਮਦਰਾਸ | ( ,, 3787) | 170984/288/81 | ,, |
| 788. | ਸ: ਰਾਜਪਾਲ ਸਿੰਘ S/o ਸ: ਜਰਨੈਲ ਸਿੰਘ | ( ,, 3788) | 170985/289/81 | ,, |
| 789. | ਸ: ਹਰਨਾਮ ਸਿੰਘ ਵਧਵਾ | ( ,, 3789) | 170986/290/81 | ,, |
| 790. | ਡਾ: ਬਲਵੰਤ ਸਿੰਘ ਬੱਲ | ( ,, 3790) | 170987/291/81 | ,, |
| 791. | ਭਾ: ਸੋਹਨ ਸਿੰਘ, ਰਾਜ ਨਗਰ ਨਵੀਂ, ਦਿੱਲੀ | ( ,, 3791) | 170988/292/81 | ,, |
| 792. | ਭਾਰਤ ਰਬੜ P. C. S. C. D. S. Ltd. | ( ,, 3792) | 170989/293/81 | ,, |
| 793. | ਸ: ਇਕਬਾਲ ਸਿੰਘ ਇੰਸਪੈਕਟਰ | ( ,, 3793) | 170990/294/81 | ,, |
| 794. | ਭਾ: ਜਰਨੈਲ ਸਿੰਘ ਟਾਹਲੀ ਸਾਹਿਬ | ( ,, 3794) | 170991/295/81 | ,, |
| 795. | ਸ: ਰਣਜੀਤ ਸਿੰਘ ਮਲਿਕ | ( ,, 3795) | 170992/296/81 | ,, |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਹਰੀ ਸਿੰਘ ਮੈਨੇਜਰ ਪੰਜਾਬ ਸਿੰਧ ਬੈਂਕ ਫ਼ਿਰੋਜ਼ਪੁਰ | ਸੂਰਾ ਪੱਤਰ ਦੀ ਚੜ੍ਹਦੀ ਕਲਾ ਲਈ | 10-00 |
| ਸ: ਕੁਲਦੀਪ ਸਿੰਘ ਮਾਂਗਟ ਫੀਲਡ ਅਫ਼ਸਰ | ,, ,, ,, | 10-00 |
| ਸ੍ਰੀ ਹਰਿੰਦਰਪਾਲ ਪੰਜਾਬ ਸਿੰਧ ਬੈਂਕ ਫ਼ਿਰੋਜ਼ਪੁਰ | ,, ,, ,, | 10-00 |
| ਸ: ਹਰੀ ਸਿੰਘ ਬਦਨ ਪੰਜਾਬ ਸਿੰਧ ਬੈਂਕ ਫ਼ਿਰੋਜ਼ਪੁਰ | ,, ,, ,, | 10-00 |
| ਸ: ਅਜੀਤ ਸਿੰਘ ਜਲੰਧਰ ਸ਼ਹਿਰ | ,, ,, ,, | 45-80 |
| ਸ: ਰਾਜਿੰਦਰ ਸਿੰਘ ਅਹਿਮਦਾਬਾਦ | ,, ,, ,, | 25-00 |
| ਸ: ਜਗਤਾਰ ਸਿੰਘ ਸੈਂਭੀ ਜਲੰਧਰ | ,, ,, ,, | 65-00 |
| ਸ: ਜੋਗਿੰਦਰ ਸਿੰਘ ਖਾਲਸਾ ਦਸੂਹਾ | ਪੋਤਰੇ ਦੇ ਜਨਮ ਦੀ ਖ਼ੁਸ਼ੀ ਵਿਚ | 21-00 |
| ਭਾ: ਬਲਬੀਰ ਸਿੰਘ ਵਾਲਸਾਲ ਯੂ. ਕੇ. | ਸੂਰਾ ਪੱਤਰ ਦੀ ਚੜ੍ਹਦੀ ਕਲਾ ਲਈ | 46-50 |
| ਸ: ਸਤਪਾਲ ਸਿੰਘ ਮੁਜ਼ਫ਼ਰਪੁਰ | ਆਪਣੇ ਪਿਤਾ ਸ: ਮੋਹਨ ਸਿੰਘ ਦੀ ਅੰਤਮ ਯਾਦ ਵਿਚ | 21-00 |
| ਸਾਰਜੰਟ ਕੁਲਦੀਪ ਸਿੰਘ ਬੰਗਲੌਰ | ਚੜ੍ਹਾਵਾ ਕੀਰਤਨ ਸਮਾਗਮ | 35-00 |
| ਸ: ਅਨੂਪ ਸਿੰਘ ਫਤਹਪੁਰ | ਸੂਰਾ ਪੱਤਰ ਦੀ ਚੜ੍ਹਦੀ ਕਲਾ ਲਈ | 5-00 |
| ਸ: ਪੂਰਨ ਸਿੰਘ ਗਿਲ, ਰੰਧੀਰ ਸਿੰਘ ਗਿਲ | ,, ,, ,, | 60-00 |
| ਸ: ਸੋਹਿੰਦਰ ਸਿੰਘ ਚੰਡੀਗੜ੍ਹ | ਬੱਚੀ ਦੇ ਅਨੰਦ ਦੀ ਖ਼ੁਸ਼ੀ ਵਿਚ | 16-00 |
| ਸ: ਜਗਮੋਹਨ ਸਿੰਘ ਬੰਗਲੌਰ | ਬੱਚੀ ਦੇ ਜਨਮ ਦੀ ਖ਼ੁਸ਼ੀ ਵਿਚ | 11-00 |
| ਸ: ਅਵਤਾਰ ਸਿੰਘ ਐਸ. ਏ. ਐਸ. ਨਗਰ | ਸਿੰਘਣੀ ਦੀ ਯਾਦ ਵਿਚ | 11-00 |
| ਸ: ਹਰਚਰਨ ਸਿੰਘ ਅੰਬਾਲਾ | ਭੁਜੰਗੀ ਦੇ ਅਨੰਦ ਦੀ ਖ਼ੁਸ਼ੀ ਵਿਚ | 21-00 |

ਸਤਿਗੁਰੂ ਸਭ ਵੀਰਾਂ ਭੈਣਾਂ ਨੂੰ ਗੁਰਸਿਖੀ ਤੇ ਚੜ੍ਹਦੀਆਂ ਕਲਾ ਬਖ਼ਸ਼ਣ।

www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

## ੧੧ ਅਪਰੈਲ ਸ਼ਨੀਵਾਰ ਸਵੇਰ ਤੋਂ ੧੪ ਅਪਰੈਲ ੧੯੮੧ ਮੰਗਲਵਾਰ ਸਵੇਰ ਤਕ

ਸਦਾ ਵਾਂਗ ਵੈਸਾਖੀ ਸਮਾਗਮ ਮਨਾਂਦਿਆਂ 1978 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਹਿਤ ਹੋਏ ਸ਼ਹੀਦਾਂ ਦੀ ਯਾਦ ਵਿਚ ਖਾਲਸੇ ਦੇ ਜਨਮ-ਦਿਨ ਵੈਸਾਖੀ ਉਤੇ ਨਾਮ ਬਾਣੀ ਵਿਚ ਜੁੜਨ ਲਈ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ । ਕੀਰਤਨ ਦੇ ਲਾਹੇ ਲੈਣ ਲਈ, ਅੰਮ੍ਰਿਤ-ਸਰੋਵਰ ਵਿਚ ਚੁਭੇ ਲਾਉਣ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਹੁਮ-ਹੁਮਾ ਕੇ ਆਇ ਦੀਦਾਰ ਬਖਸ਼ੋ ਜੀ ।

੧੧ ਅਪਰੈਲ ਸਵੇਰੇ ੪ ਤੋਂ ੭ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁਰੂ ਰਾਮਦਾਸ ਹਾ: ਸੈ: ਸਕੂਲ, ਰਾਮਸਰ ਰੋਡ
ਸ਼ਾਮ ੬-੩੦ ਤੋਂ ੯ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ ਸ੍ਰੀ ਮੰਜੀ ਸਾਹਿਬ ਹਾਲ ਵਿਖੇ ।

੧੨ ਅਪਰੈਲ ਸਵੇਰੇ ੩-੩੦ ਤੋਂ ੮-੧੫ ਆਸਾ ਦੀ ਵਾਰ ਤੇ ਬਿਲਾਵਲ ਦੀ ਚੌਕੀ ਦਾ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਵਿਖੇ
ਸ਼ਾਮ ੬-੦੦ ਤੋਂ ੯-੦੦ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ ਗੁਰਦੁਆਰਾ ਪਿਪਲੀ ਸਾਹਿਬ (ਪੁਤਲੀਘਰ) ਵਿਖੇ

੧੩ ਅਪਰੈਲ ਸਵੇਰੇ ੫-੦੦ ਭੋਗ ਸ੍ਰੀ ਅਖੰਡਪਾਠ, ਉਪਰੰਤ ੧-੦੦ ਵਜੇ ਦੁਪਹਿਰ ਤਕ ਅਖੰਡ ਕੀਰਤਨ ਗੁ: ਰਾਮਸਰ ਦੇ ਸਾਹਮਣੇ ਖੁਲ੍ਹੇ ਪੰਡਾਲ ਵਿਖੇ ।
ਸ਼ਾਮ ੪-੦੦ ਅੰਮ੍ਰਿਤ ਸਿੰਚਾਰ ਅਰੰਭ
ਸ਼ਾਮ ੭-੦੦ ਸੋਦਰ ਉਪਰੰਤ ਰੈਣ-ਸਬਾਈ ਕੀਰਤਨ ਅਰੰਭ ਪੰਡਾਲ ਵਿਖੇ ।

੧੪ ਅਪਰੈਲ ਸਵੇਰੇ ੫-੦੦ ਵਜੇ ਸਮਾਪਤੀ ਤੇ ਅਨੰਦ ਕਾਰਜ ।

ਨੋਟ :-(੧) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ । (੨) ਰਿਹਾਇਸ਼ ਗੁਰੂ ਰਾਮ ਦਾਸ ਹਾ: ਸੈ: ਸਕੂਲ ਵਿਖੇ ਹੋਵੇਗੀ ।
(੩) ਸਮਾਗਮ ਸਮੇਂ ਅਨੰਦ ਕਾਰਜ ਕਰਾਉਣ ਵਾਲੇ ਪਰਵਾਰ ਪਹਿਲਾਂ ਇਤਲਾਹ ਦੇਣ । ਸਮਾਗਮ ਵਿਚ ਅਨੰਦ ਕਾਰਜ ਕਰਾਉਣ ਨਾਲ ਮਨਮਤੀ ਰਸਮਾਂ ਅਤੇ ਫਜ਼ੂਲ ਖਰਚਾਂ ਤੋਂ ਬਚ ਸਕਦੇ ਹਾਂ ।

**ਪੁਛ-ਗਿਛ** :-ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ (ਫੋਨ ੫੧੮੪੭)

ਦਾਸਰੇ-ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ ।

---

# ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ਼ਬਦ ਗੁਰੂ ਦੀ ਸ਼ਾਨ ਦੀ ਖ਼ਾਤਰ ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ ੧੯੭੮ ਵਾਲੇ ਦਿਨ ਹੋਏ ਸ਼ਹੀਦਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ ਨੂੰ ਪਿੰਡਾਂ ਵਿਚ ਹੋ ਰਹੇ ਕੀਰਤਨ-ਸਮਾਗਮਾਂ ਦਾ ਵੇਰਵਾ ਮਹੀਨਾ ਅਪਰੈਲ ਦਾ ਇਸ ਪ੍ਰਕਾਰ ਹੈ :-
੭ ਅਪਰੈਲ ਗੁਰਦੁਆਰਾ ਸਾਹਿਬ ਪੁਲੀਸ ਲਾਈਨ ਫਿਲੌਰ ੨੧ ਅਪਰੈਲ ਗੁਰਦੁਆਰਾ ਸਾਹਿਬ ਹਸਨਪੁਰ ਨੇੜੇ ਭਨੋੜ ਪੰਜਾਬ, ੨੮ ਅਪਰੈਲ ਗੁਰਦਵਾਰਾ ਸਾਹਿਬ ਪਿੰਡ ਰਕਬਾ ਨੇੜੇ ਮੁਲਾਂਪੁਰ ।

ਦਾਸਰੇ-ਅਖੰਡ ਕੀਰਤਨੀ ਜਥਾ, ਲੁਧਿਆਣਾ ।

---

# ਹਾਲੈਂਡ ਵਿਖੇ ਵੈਸਾਖੀ ਸਮਾਗਮ

ਭਾਈ ਰਾਜਿੰਦਰ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਹਾਲੈਂਡ ਵਿਖੇ ਵੈਸਾਖੀ ਦਾ ਕੀਰਤਨ ਸਮਾਗਮ ਹੇਠ ਲਿਖੇ ਅਸਥਾਨ ਤੇ 19 ਅਪਰੈਲ ਨੂੰ ਮਨਾਇਆ ਜਾ ਰਿਹਾ ਹੈ । ਸੰਗਤਾਂ ਪੁਜ ਕੇ ਲਾਭ ਉਠਾਉਣ-

**Noor Deinde-2A. LEIDEN (Near Railway Station) HOLLAND**

---

# ਢੁਡੀਆਂ ਵਾਲਾ ਵਿਖੇ ਅਵਤਾਰ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ

ਭਾਈ ਹਰਬੰਸ ਸਿੰਘ ਜੀ ਗੁੰਬੀ ਪਿੰਡ ਢੁਡੀਆਂ ਵਾਲਾ (ਜ਼ਿਲਾ ਕਪੂਰਥਲਾ) ਸੂਚਨਾ ਦਿੰਦੇ ਹਨ ਕਿ ਗੁਰਦੁਆਰਾ ਸਾਹਿਬ ਵਿਖੇ ੨੫ ਅਪਰੈਲ ਸ਼ਨੀਵਾਰ ਸਵੇਰੇ ਸ੍ਰੀ ਅਖੰਡ ਪਾਠ ਦੀ ਸਮਾਪਤੀ ਉਪਰੰਤ ਅਖੰਡ ਕੀਰਤਨੀ ਜਥਿਆਂ ਵਲੋਂ ੧੧ ਵਜੇ ਤਕ ਕੀਰਤਨ ਹੋਣਗੇ ਅਤੇ ਰਾਤ ਨੂੰ ੮ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ । ਆਇ ਜੁੜੋ ਤੇ ਲਾਭ ਪ੍ਰਾਪਤ ਕਰੋ ਜੀ । ਕਪੂਰਥਲੇ ਤੋਂ ਸੁਲਤਾਨਪੁਰ ਰੋਡ ਬਰਾਸਤਾ ਪਾਜੀਆਂ ੫ ਕਿਲੋਮੀਟਰ ਢੁਡੀਆਂ ਵਾਲਾ ਹੈ । ਸੁਲਤਾਨਪੁਰ ਤੋਂ ਆਖਰੀ ਬਸ ੭ ਵਜੇ ਸ਼ਾਮ ਚਲਦੀ ਹੈ । ਸੰਗਤਾਂ ਨੂੰ ਲਿਜਾਣ ਲਈ ਕਪੂਰਥਲੇ ਤੋਂ ਟਰਾਲੀ ਚਲੇਗੀ ।

---

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

ਟਾਈਟਲ : ਨਵਕੇਤਨ ਪ੍ਰੈਸ, ਅੰਮ੍ਰਿਤਸਰ ।

www.AKJ.Org